
ਮੇਰੀ
ਵਾਰਤਕ
ਜਗਾਹ
ਸੁਖਦੀਪ ਆਜ਼ਾਦ

# ਮੇਰੀ ਜਗਾਹ

ਹੁਣੇ ਹੁਣੇ ਰੋਟੀ ਖਾਕੇ ਹਟਿਆ ਹਾਂ,ਰੋਟੀ ਖਾਣ ਤੋਂ ਬਾਦ ਤੁਰਨ ਦੀ ਆਦਤ ਹੈ। ਤੁਰਦਿਆਂ ਤੁਰਦਿਆਂ ਦੋਵੇਂ ਅਧੂਰੀਆਂ ਕਹਾਣੀਆਂ ਦੇ ਪਾਤਰ ਮੇਰੇ ਅੱਗੇ ਆ ਖਲੋ ਗਏ। ਕਿਸੇ ਕਹਾਣੀ ਦਾ ਜਾਲ਼, ਕਿਸੇ ਨਾਵਲ ਦਾ ਪਲਾਂਟ ਜਾਂ ਕਹਿ ਲਵੋ ਕੋਈ ਕਵਿਤਾ, ਗੀਤ। ਮੇਰੇ ਅੱਗੇ ਅੱਗੇ ਉਸ ਤਰ੍ਹਾਂ ਆ ਰਿਹਾ ਹੈ। ਜਿਵੇਂ ਚਾਨਣ ਸਾਹਮਣੇਂ *ਸਾਹਾ ਆਉਂਦਾ ਹੁੰਦਾ। ਤੁਰਦਿਆਂ ਤੁਰਦਿਆਂ ਖਿਆਲ਼ ਤੇ ਬੁਣ ਸਕਦੇ ਆਂ। ਪਰ ਲ਼ਿਖ ਨਹੀਂ ਸਕਦੇ। ਲਿਖ਼ਣ ਲਈ ਠਹਿਰਨਾ ਪੈਂਦਾ। ਜੇ ਤੁਹਾਨੂੰ ਠਹਿਰਨਾ ਆ ਗਿਆ। ਹੋ ਸਕਦਾ ਤੁਹਾਨੂੰ ਲਿਖਣਾ ਵੀ ਆ ਜਾਵੇ। ਕਿਸੇ ਕੰਧ ਦੀ ਓਟ ਲੈਕੇ ਅਖ਼ੀਰ ਮੈਂ ਖਲੋ ਗਿਆ। ॥ ਜਗਾਹ ਖਾਲੀ ਹੈ ॥

ਮੈਂ ਇੱਕ ਕਹਾਣੀਕਾਰ ਸੀ। ਕਿਸੇ ਲਈ ਨਹੀਂ, ਆਪਣੇ ਆਪ ਲਈ। ਮੈਨੂੰ ਵੀ ਚੰਗਾ ਲੱਗਦਾ ਸੀ। ਇਹ ਪਾਤਰਾਂ ਨਾਲ ਖੇਡਣਾ। ਫ਼ੇਰ ਇੱਕ ਦਿਨ ਉਹ ਆਈ ਤੇ ਮੇਰੀ ਕਹਾਣੀ ਵਿੱਚ ਜਗਾਹ ਬਣਾ ਬੈਠ ਗਈ। ਕਹਾਣੀ, ਬੇਸ਼ੱਕ ਬੰਦਾ ਪਿੰਡੇ ਤੇ ਹੰਢਾਉਂਦਾ ਹੈ। ਪਰ ਉਹ ਤਿਆਰ ਉਸਦੇ ਅੰਦਰ ਹੁੰਦੀ ਹੈ। ਕਹਾਣੀ ਮੇਰੇ ਅੰਦਰ ਸੀ ਤੇ ਉਹ ਕਹਾਣੀ ਦੇ ਅੰਦਰ। ਮਤਲਬ ਮੇਰੇ ਅੰਦਰ ਦੇ ਅੰਦਰ। ਮੈਂ ਕਹਾਣੀ ਤਾਂ ਬਾਹਰ ਕੱਢ ਦਿੱਤੀ। ਪਰ ਮੇਰੇ ਕੋਲ਼ੋਂ ਉਸਨੂੰ ਆਪਣੇ ਅੰਦਰੋਂ ਨਾ ਬਾਹਰ ਕੱਢ ਹੋਇਆ। ਉਹ ਮੇਰੇ ਅੰਦਰ ਹੀ ਘਰ ਕਰ ਬੈਠ ਗਈ। ਹੁਣ ਕੁਝ ਵੀ ਕਹਿਣਾ ਹੋਵੇ,ਲਿਖਣਾ ਹੋਵੇ,ਬੋਲ਼ਣਾ ਹੋਵੇ। ਉਹ ਮੇਰੇ ਨਾਲ ਬੋਲਦੀ ਹੈ। ਕਿਉਂਕਿ ਹੁਣ ਉਹ ਮੇਰੇ ਅੰਦਰ ਹੈ।

ਉਹਦੇ ਆਉਂਣ ਨਾਲ ਮੇਰੇ ਆਸ ਪਾਸ ਚਾਨਣ ਹੋ ਗਿਆ ਸੀ। ਵਰ੍ਹਿਆਂ ਮਗਰੋਂ ਰਾਤ ਨੇ ਪਾਸਾ ਲੈ ਲਿਆ ਸੀ। ਪਰ ਇਸ ਗੱਲ ਦੀ ਭਣਕ ਦੁਨੀਆਂ ਨੂੰ ਲੱਗਣ ਦੀ ਦੇਰ ਸੀ। ਫ਼ੇਰ ਹਨੇਰਾ ਛਾਅ ਹੈ। ॥ਖ਼ੈਰ ॥

ਕੁਝ ਨਹੀਂ, ਲਗਪਗ ਸਾਰੀਆਂ ਹੀ ਆਦਤਾਂ ਬਦਲ ਗਈਆਂ ਨੇ,ਮੈਂ ਕਿਸੇ ਦੇ ਨਾਲ ਹੁੰਦਿਆਂ ਵੀ ਕਿਸੇ ਦੇ ਨਾਲ ਨਹੀਂ ਹੁੰਦਾ। ਕੁਝ ਵੀ ਹੋ ਜਾਏ ਮੇਰੇ ਤੇ ਕੁਝ ਵੀ ਅਸਰ ਨਹੀਂ ਕਰਦਾ। ਵੱਸ, ਹਰ ਪਹਿਰ ਉਡੀਕ ਵਿੱਚ ਰਹਿਣਾ। ਹੁਣ ਕਿਸਦੀ ਉਡੀਕ ਹੈ,ਇਸ ਸਵਾਲ ਦਾ ਜਵਾਬ ਮੈਂ ॥ ਇੱਕ ਹੋਰ ਕੁੜੀ ॥ ਕਿਤਾਬ  ਵਿੱਚ ਪਹਿਲਾਂ ਹੀ ਦੇ ਚੁੱਕਿਆ ਹਾਂ। ਮੈਂ ਮੇਰੇ ਸਵਾਲ ਮਰਦੇ ਵੇਖੇ ਨੇ,ਜਿੰਨ੍ਹਾਂ ਦਾ ਉੱਤਰ ਉਸਨੇ ਅੱਜ ਤੀਕ ਨਹੀਂ ਦਿੱਤਾ। ਇਸ ਲਈ ਮੈਂ ਨਹੀਂ ਚਾਹੁੰਦਾ ਹੁਣ, ਮੇਰੇ ਅੰਦਰ ਕੋਈ ਸਵਾਲ ਬਣੇ। ਜਿਸਦਾ ਉੱਤਰ,ਉਹ ਪਹਿਲਾਂ ਵਾਂਗ ਬਿਨਾਂ ਦਿੱਤੇ ਬੱਸ ਚੜ੍ਹ ਜਾਵੇ। ਹੁਣ ਮੇਰੇ ਕੋਲ ਉਸ ਲਈ ਕੋਈ ਸਵਾਲ ਨਹੀਂ। ॥ ਖ਼ੈਰ ॥

ਮੈਂ ਕਿਆ ਸੀ ਨਾ,ਇਹ ਇੱਕ ਨਹੀਂ ਦੋ ਕਹਾਣੀਆਂ ਨੇ । ਆਪਾਂ* ਵਿਚਲਾ ਉਹ ਮੈਂ ਪਾਤਰ। ਕਦੋਂ ਆਤਮਹੱਤਿਆ ਕਰ ਗਿਆ। ਮੈਨੂੰ ਆਪ ਵੀ ਨਹੀਂ ਪਤਾ ਲੱਗਾ। ਬਾਲਕੋਨੀ ਵਿੱਚ ਡਿੱਗੀ ਮਿਲੀ ਸਵੇਰੇ ਲਾਸ਼ ਉਹਦੀ। ਪਤਾ ਨਹੀਂ ਕਿਉਂ,ਵੇਖ ਅਫ਼ਸੋਸ ਨਹੀਂ ਹੋਇਆ। ਮਨ ਨੇ ਏਹੋ ਕਿਹਾ। ਚੰਗਾ ਹੋਇਆ।

ਇੱਕ ਸਾਲ ਤੇ ਸੱਤਾਂ ਅੱਠਾਂ ਮਹੀਨਿਆਂ ਪਹਿਲਾਂ ਦੀ ਗੱਲ ਐ,

ਜਿੰਦਗੀ ਉਸ ਮੋੜ ਤੇ ਖੜ੍ਹੀ ਹੈ। ਜਿੱਥੇ ਲੱਗਦਾ ਹੈ। ਵੱਸ, ਹੁਣ ਕੱਲੇ ਹੀ ਰਹਿਣਾ ਹੈ। ਕਿਸੇ ਪਾਤਰ ਨੂੰ ਇਸ ਜਿੰਦਗੀ ਦੀ ਕਹਾਣੀ ਵਿੱਚ ਐਡ ਨਹੀਂ ਕਰਨਾ। ਸਭ ਕੁਝ

ਸਥਿਰ ਹੈ। ਮਿਲੇ ਫੱਟ ਭਰ ਚੁੱਕੇ ਸੀ। ਕੋਈ ਟਾਵਾਂ ਟੱਲਾ ਨਿਸ਼ਾਨ ਹੀ ਰਹਿ ਗਿਆ ਸੀ, ਵੱਸ। ਕਿਸੇ ਨੇ ਬੂਹਾ ਖੜਕਾਇਆ,ਮੇਰੇ ਤੋਂ ਖੋਲ੍ਹ ਹੋ ਗਿਆ। ਉਸਨੇ ਦਸਤਕ ਦਿੱਤੀ। ਮੈਂ ਭੁੱਲ ਗਿਆ ਨੀਂਦ ਆਰਾਮ ਕਿਸਨੂੰ ਕਹਿੰਦੇ ਨੇ। ਬੇਸ਼ੱਕ ਉਹ ਕੁਝ ਵੀ ਹੈ। ਬਹੁਤ ਖ਼ਤਰਨਾਕ ਹੁੰਦਾ ਕਿਸੇ ਚੀਜ਼ ਦੀ ਆਦਤ ਲੱਗ ਜਾਣਾ।

ਆਦਤਾਂ ਛੱਡਣਾ ਲਈ ਕਈ ਵਾਰ, ਆਪਣੇ ਹੀ ਹੱਥਾਂ ਨਾਲ ਆਪਣਾ ਗਲਾ ਘੁੱਟਣਾ ਪੈਂਦਾ ਹੈ। ਮੈਂ ਹਰ ਕੋਸ਼ਿਸ਼ ਕਰੀ,ਬੋਲਕੇ ਵੀ ਦੱਸਿਆ। ਪਰ ਉਹ,ਉਹ ਹੀ ਰਿਹਾ। ॥ ਖ਼ੈਰ ॥ ਮੇਰੇ ਕੋਲ਼ ਇਹੋ ਰਾਹ ਸੀ। ਮੈਂ ਉਹਨੂੰ ਬਾਹਰ ਕੱਢ, ਬੂਹਾ ਬੰਦ ਕਰ ਦਿੱਤਾ। ਕਿੰਨਾ ਕੁਝ ਹੀ ਸੀ । ਜੋ ਉਸਦਾ ਮੇਰੇ ਅੰਦਰ ਹੀ ਰਹਿ ਗਿਆ। ਸ਼ਾਇਦ ਕਿਤੇ ਨੇ ਕਿਤੇ ਅੱਜ ਵੀ ਪਿਆ ਹੈ। ਆਉਂਣਾ ਜਾਣਾ ਤਹਿ ਹੁੰਦਾ ਹੈ। ਵੱਸ ਤੰਗ ਕਰਦੇ ਨੇ ਉਹ ਸਵਾਲ,ਉਹ ਗੱਲਾਂ, ਜੋ ਅਧੂਰੀਆਂ ਰਹਿ ਜਾਦੀਂਆਂ ਨੇ।

ਕਿੰਨੇ ਮਹੀਨੇ,ਖੁਦ ਨੂੰ ਟਾਲਦਾ ਰਿਹਾ। ਸੱਚ ਕਹਿਣ ਤੋਂ ਡਰਦਾ ਰਿਹਾ। ਹੁਣ ਮੈਂ ਸ਼ੀਸ਼ੇ ਵਿੱਚ ਆਪਣਾ ਚਿਹਰਾ ਵੇਖਣਾ ਛੱਡ ਦਿੱਤਾ ਹੈ। ਹੁਣ ਮੈਂ ਬੱਸ ਦਾ ਇੰਤਜ਼ਾਰ ਨਹੀਂ ਕਰਦਾ। ਪੈਦਲ਼ ਤੁਰ ਪੈਂਦਾ ਹਾਂ। ਹੁਣ ਮੈਨੂੰ ਆ ਗਿਆ ਹੈ। ਅਸਮਾਨ ਵੱਲ ਮੂੰਹ ਕਰਕੇ,ਬਿਲਕੁੱਲ ਸਿੱਧੇ ਪੈਣ ਦਾ ਬਲ਼।

ਉਸਨੇ ਐਸਾ ਮੁੱਖ ਘੁਮਾਇਆ ਕਿ, ਮੁੜ ਕਦੇ ਪਰਤਕੇ ਹੀ ਨਹੀਂ ਵੇਖਿਆ। ਜਿਵੇਂ ਮੇਰੀ ਕੋਈ ਜ਼ਰੂਰਤ ਹੀ ਨਹੀਂ ਸੀ। ਜਿਵੇਂ ਮੈਂ ਕਦੇ ਕੁਝ ਸਾਂ ਹੀ ਨਹੀਂ। ਮੈਨੂੰ ਪੱਥਰ ਕਹਿੰਦੇ ਨੇ ਇਹ ਲੋਕ, ਜੋ ਆਪ ਪੱਥਰ ਦਿਲ ਨੇ। ਉਸਨੂੰ ਪਤਾ ਸੀ,ਮੈਂ ਕੁਝ ਵੀ ਸਹਿਣ ਕਰ ਸਕਦਾਂ ਹਾਂ। ਪਰ ਵਕਤ ਤੋਂ ਵੱਧ ਕੀਮਤੀ ਹੋਰ ਕੁਝ ਨਹੀਂ ਹੁੰਦਾ। ਹੋ ਸਕਦਾ ਇਹ ਸਭ ਉਸਨੇ ਜਾਣ ਬੁੱਝ ਕਰਿਆ ਹੋਵੇ। ਔਰਤ ਹੈ, ਕੁਝ ਵੀ ਕਰ ਸਕਦੀ ਹੈ। ਹੋ

ਸਕਦਾ ਉਸਨੂੰ ਬੁਰਾ ਲੱਗੇ,ਪਰ ਪਤਾ ਨਹੀਂ ਕਿਉਂ, ਏਥੇ ਉਸਦੀ ਲਿਖੀ ਇੱਕ ਲਿਖਤ ਯਾਦ ਆ ਰਹੀ ਐ। ਮੈਂ ਇਸਨੂੰ ਕਿੰਨੇ ਹੀ ਵਾਰ ਪੜ੍ਹਿਆ,ਉਹਨੇ ਕਿਹਾ ਕਿ ਤੂੰ ਮੇਰੀ ਇੱਕੋ ਹੀ ਹਾਕ ਤੇ ਕਿਉਂ ਨਹੀਂ ਆਇਆ। ਇਸ ਲਈ ਮੈਂ ਚੱਲੀ ਗਈ। ਤੇ ਮੈਨੂੰ ਆਖਦੀ ਹੈ ਤੈਨੂੰ ਉਡੀਕ ਕਰਨੀ ਨਹੀਂ ਆਉਂਦੀ। ਤੈਨੂੰ ਨਹੀਂ ਪਤਾ ਬਾਰਾਂ ਸਾਲਾਂ ਵਿੱਚ ਕਿੰਨੇ ਦਿਨ ਹੁੰਦੇ ਨੇ। ਸ਼ਾਇਦ ਉਹ ਭੁੱਲ ਗਈ ਸੀ। ਮੈਂ ਦੂਣਾ ਕਰਕੇ ਮੋੜਦਾ ਹਾਂ ,ਤੁਸੀਂ ਮੈਨੂੰ ਜੋ ਵੀ ਦਵੋਗੇ।

ਜਿਸ ਪਲ ਉਹਨੂੰ ਆਪਣਾ ਆਪ
ਜੋਕਰ ਲੱਗਣ ਲੱਗਾ,
ਉਸੇ ਪਲ ਮੇਰਾ ਮਰਨ ਹੋ ਗਿਆ
ਮੈਂ ਜਿਉਂਦਿਆਂ 'ਚ ਨਹੀਂ ਰਹੀ

ਮੈਂ ਪਹਿਲਾਂ ਵੀ ਜਿਉਂਦਿਆਂ 'ਚ ਨਹੀਂ ਸੀ,
ਬਹੁਤ ਵਰ੍ਹੇ ਪਹਿਲਾਂ
ਮੈਂ ਆਪਣੇ ਹੱਥੀਂ ਕਬਰ ਪੁੱਟ ਕੇ
ਉਸ ਵਿੱਚ ਲੇਟ ਗਈ ਸੀ

ਫਿਰ ਇੱਕ ਦਿਨ
ਕਿਸੇ ਨੇ ਹਾਕ ਮਾਰੀ
ਮੈਨੂੰ ਉਹਦੇ 'ਚੋਂ ਮੁਹੱਬਤ ਦੀ ਖੁਸ਼ਬੋ ਆਈ
ਮੈਂ ਉੱਠ ਕੇ ਤੁਰ ਪਈ
ਉਹਦੇ ਮਗਰ

# ਪਰਛਾਈ ਬਣਕੇ

ਉਹਨੇ ਆਪਣਾ ਹੱਥ ਅੱਗੇ ਕੀਤਾ
ਮੈਂ ਚਾਹਕੇ ਵੀ ਨਾ ਫੜ ਸਕੀ
ਉਹ ਸ਼ਾਇਦ ਭੁੱਲ ਗਿਆ
ਮੈਂ ਪਰਛਾਈ ਹਾਂ
ਪਰਛਾਈ ਨਾਲ ਤੁਰ ਸਕਦੀ ਹੈ
ਪਰ ਹੱਥ ਫੜ ਕੇ ਨਹੀਂ

ਮੈਨੂੰ ਮੁਹੱਬਤ ਸ਼ਬਦ ਤੋਂ ਡਰ ਲੱਗਦਾ ਸੀ
ਮੈਂ ਕਰ ਕੇ ਦੇਖੀ ਸੀ
ਇਹ ਬੜੀ ਗੰਦੀ ਚੀਜ਼ ਹੈ
ਬੰਦੇ ਨੂੰ ਬੰਦਾ ਨਹੀਂ ਰਹਿਣ ਦਿੰਦੀ
ਝੋਲੀ ਅੱਡ ਕੇ ਮੰਗਣ ਤੇ ਵੀ ਨਹੀਂ ਮਿਲਦੀ

ਪਰ ਉਹਦੇ ਮੂੰਹੋਂ ਮੈਨੂੰ
ਇਹ 'ਮੁਹੱਬਤ' ਸ਼ਬਦ
ਬੜਾ ਸੋਹਣਾ ਲੱਗਦਾ
ਜਿਵੇਂ ਹੁੰਦੇ ਨੇ ਕੁਝ ਲੋਕ
ਜਿਨ੍ਹਾਂ ਹੱਥੋਂ ਜ਼ਹਿਰ ਵੀ
ਜ਼ਹਿਰ ਨਹੀਂ ਲੱਗਦਾ

ਉਹਨੇ ਕਿਹਾ ਬੋਲ ਕੇ ਦੇਖ

'ਮੁਹੱਬਤ'

ਕੁਝ ਨਹੀਂ ਹੁੰਦਾ

ਮੈਂ ਹਾਂ ਤੇਰੇ ਨਾਲ

ਡਰ ਨਾ

ਮੈਂ ਮੇਰੀ ਚੁੱਪ ਨਾ ਤੋੜੀ

ਉਹ ਕੁਝ ਦੇਰ ਬੋਲਿਆ

ਤੇ ਉਹ ਵੀ ਚੁੱਪ ਕਰ ਗਿਆ

ਉਹ ਜਲਦੀ ਅੱਕ ਜਾਂਦਾ ਹੈ

ਸਟੇਟਸ ਦਾ ਅੱਧੇ ਘੰਟੇ ਵਿੱਚ

ਕੋਈ ਰਿਪਲਾਈ ਨਾ ਆਵੇ

ਤਾਂ ਉਹ ਡਿਲੀਟ ਕਰ ਦਿੰਦਾ ਹੈ

ਪਰ ਮੇਰੇ ਨਾਲ ਵਾਹਦਾ ਕੀਤਾ ਸੀ ਉਹਨੇ

ਨਹੀਂ ਅੱਕੇਗਾ ਮੇਰੇ ਤੋਂ

ਹਮੇਸ਼ਾ ਮੇਰੀ ਉਦਾਸੀ 'ਚ

ਮੈਨੂੰ ਸਿਰ ਰੱਖਣ ਲਈ

ਆਪਣਾ ਮੋਢਾ ਦੇਵੇਗਾ

ਮੇਰੇ ਐਨਾ ਕੁ ਨੇੜੇ ਰਹੇਗਾ

ਕਿ ਬਸ ਇੱਕੋ ਹਾਕ
ਮਾਰਨ ਦੀ ਲੋੜ ਹੋਵੇਗੀ

ਮੈਂ ਸੋਹਾਂ ਤੇ ਯਕੀਨ ਨਹੀਂ ਕਰਦੀ
ਵਾਦਿਆਂ ਤੇ ਕਰ ਲੈਂਦੀ ਹਾਂ

ਲੱਗਿਆ ਉਹ ਦੁਨੀਆਂ ਵਰਗਾ ਨਹੀਂ
ਮੇਰਾ ਜੀਣ ਦਾ ਮਨ ਕਰਨ ਲੱਗਾ

ਮੈਂ ਮੁਹੱਬਤ ਦੇ
ਸਮਾਨਾਰਥਕ ਸ਼ਬਦ ਵਰਤੇ
ਸ਼ਾਇਦ ਉਹ ਸਮਝ ਗਿਆ

ਪਰ ਚੰਗਾ ਸੀ
ਜਦ ਤੱਕ ਅਸੀਂ ਬਿਨਾਂ ਹੱਥ ਫੜੇ
ਨਾਲ ਨਾਲ ਤੁਰ ਰਹੇ ਸੀ

ਜ਼ਿਆਦਾ ਨੇੜੇ ਹੋਣਾ ਵੀ
ਜਲਦੀ ਦੂਰ ਕਰ ਦਿੰਦਾ ਹੈ

ਪਤਾ ਨਹੀਂ ਕੀ ਵਜ੍ਹਾ ਹੈ
ਪਰ ਹੁਣ ਉਹ ਮੇਰੇ ਰੋਣ ਤੇ ਵੀ

ਆਪਣਾ ਮੋਢਾ ਅੱਗੇ ਨਹੀਂ ਕਰਦਾ

ਹੁਣ ਉਹਨੂੰ ਮੇਰੀ ਹਾਕ ਨਹੀਂ ਸੁਣਦੀ

ਨਹੀਂ ਉਹ ਦੁਨੀਆਂ ਵਰਗਾ ਨਹੀਂ
ਉਹ ਤਾਂ ਅਲੱਗ ਹੈ
ਮੁਹੱਬਤ ਬੰਦੇ ਨੂੰ ਬੰਦਾ ਨਹੀਂ ਰਹਿਣ ਦਿੰਦੀ
ਪਰ ਉਹ ਮੁਹੱਬਤ 'ਚ ਬੰਦਾ ਬਣ ਗਿਆ ਹੈ

ਉਹ ਜੋਕਰ ਨਹੀਂ ਹੈ
ਉਸ ਵਿੱਚੋਂ ਮੈਨੂੰ ਮਰਦਾਂ ਵਾਲੇ
ਲੱਛਣ ਦਿਖਾਈ ਦੇਣ ਲੱਗੇ ਨੇ

ਮਰਦ ਕਦੇ ਵੀ
ਔਰਤ ਵਾਂਗ ਨਹੀਂ ਸੋਚ ਸਕਦੇ

ਉਹਨੇ ਉਡੀਕ ਦੀ ਗੱਲ ਕੀਤੀ
ਤਾਂ ਮੈਨੂੰ ਯਾਦ ਆਇਆ ਉਹ ਸ਼ਖਸ
ਜੋ ਅਤੀਤ ਦੇ ਕਿਸੇ ਕੋਨੇ 'ਚ
ਮੈਨੂੰ ਗਿਣਾ ਰਿਹਾ ਸੀ ਦਿਨਾਂ ਦੀ ਗਿਣਤੀ
'ਇੱਕ ਸਾਲ ਚਾਰ ਮਹੀਨੇ ਅੱਠ ਦਿਨ'
ਉਹਨੇ ਹਰ ਰੋਜ਼ ਭੇਜੇ ਸੀ ਮੈਸਜ਼

ਹਰ ਰੋਜ਼ ਲੱਭਿਆ ਸੀ ਮੈਨੂੰ
ਉਡੀਕ ਕੀਤੀ ਸੀ ਮੇਰੀ

ਪਰ ਉਹ ਆਪਣੀ ਜਗ੍ਹਾ
'ਇੱਕ ਸਾਲ ਚਾਰ ਮਹੀਨੇ ਅੱਠ ਦਿਨ'
ਪਹਿਲਾਂ ਹੀ ਗੁਆ ਚੁੱਕਾ ਸੀ
ਜਦ ਮੈਨੂੰ ਉਹਦੀ ਲੋੜ ਸੀ
ਤੇ ਉਹ ਮੇਰੇ ਨਾਲ ਨਹੀਂ ਸੀ

ਖ਼ੈਰ

ਉਹ ਕਹਿੰਦਾ ਹੈ ਮੈਂ ਐਨਾ ਕੁਝ ਕਰਦਾ ਹਾਂ
ਤੇਰੇ ਲਈ
ਤਾਂ ਮੈਨੂੰ ਸਮਝ ਆਉਂਦੀ ਹੈ
ਕਿਉਂ ਕੋਈ ਮੈਨੂੰ ਇਹ ਗੱਲ ਕਹਿੰਦਾ ਹੁੰਦਾ
ਕਿ "ਫੇਰ...ਸੁਣਾ ਰਹੀ ਆਂ??"

ਜੇ ਕਿਸੇ ਨੂੰ ਆਪਣਾ ਮੰਨੀ ਦਾ
ਤਾਂ ਗਣਿਤ ਨੂੰ ਆਪਣਾ
ਸਭ ਤੋਂ ਕਮਜ਼ੋਰ ਵਿਸ਼ਾ ਬਣਾ ਲੈਣਾ ਚਾਹੀਦਾ

ਕਿਸੇ ਮਹਾਨ ਬੰਦੇ ਨੇ ਮੈਨੂੰ ਕਿਹਾ ਸੀ ਇੱਕ ਦਿਨ

ਕਿ ਪਿਆਰ ਕਰੀਦਾ , ਪਿਆਰ ਮੰਗੀਦਾ ਨਹੀਂ

ਉਹਨੇ ਬਹੁਤ ਕਿਤਾਬਾਂ ਪੜੀਆਂ ਨੇ
ਪਰ ਜੇ ਉਹ ਮੁਹੱਬਤ ਨੂੰ ਸਿਰਫ
ਸੋਹਣਾ ਸ਼ਬਦ ਸੋਚ ਕੇ ਬੋਲਦਾ ਹੈ
ਤਾਂ ਵਿਅਰਥ ਗਿਆ ਹੈ ਉਹ ਸਮਾਂ
ਜੋ ਉਹਨੇ ਕਿਤਾਬ ਹੱਥ 'ਚ ਫੜਕੇ ਲੰਘਾਇਆ

ਉਹ ਪਿਆਰ ਦੀ ਗੱਲ ਕਰਦਾ
ਉਡੀਕ ਦੀ ਗੱਲ ਕਰਦਾ
ਉਹਨੇ ਸ਼ਾਇਦ ਨਹੀਂ ਪੜੀ
ਹੀਰ ਰਾਂਝੇ ਦੀ ਕਹਾਣੀ

ਉਹਨੂੰ ਪਤਾ ਹੈ?
12 ਸਾਲ 'ਚ ਕਿੰਨੇ ਦਿਨ ਹੁੰਦੇ ਨੇ

ਖ਼ੈਰ

ਮੈਨੂੰ ਕਦੇ ਉਹ ਜਾਦੂਗਰ ਲੱਗਦਾ
ਜਦ ਵੀ ਮੇਰਾ ਦਮ ਘੁਟਦਾ
ਮੈਂ ਉਸ ਕੋਲ ਜਾ ਕੇ ਬੈਠ ਜਾਂਦੀ
ਸਭ ਠੀਕ ਲੱਗਣ ਲੱਗ ਜਾਂਦਾ

ਉਦਾਸੀ ਗਾਇਬ ਹੋ ਜਾਂਦੀ

ਅੱਜ ਫੇਰ ਮੇਰਾ ਦਮ ਘੁਟ ਰਿਹਾ
ਫੇਰ ਮੈਨੂੰ ਉਦਾਸੀ ਨੇ ਘੇਰ ਲਿਆ
ਮੈਂ ਆਪਣੇ ਆਪ ਨੂੰ ਦੱਸ ਦੇਵਾਂ
ਜਾਦੂ ਸੱਚ ਨਹੀਂ ਹੁੰਦਾ
ਭਰਮ ਹੁੰਦਾ ਹੈ ਨਜ਼ਰ ਦਾ

ਤੇ ਅੱਜ ਮੇਰਾ ਭਰਮ ਟੁੱਟ ਗਿਆ ਹੈ
ਤੇ ਮੈਂ ਵੀ

ਮੈਂ ਆਪਣੇ ਟੁੱਕੜੇ ਇੱਕਠੇ ਕਰ
ਪਰਤ ਆਈ ਹਾਂ ਆਪਣੀ ਕਬਰ 'ਚ

ਮਿੱਟੀ ਦੇ ਕਈ ਫੁੱਟ ਹੇਠਾਂ...

ਉਹਨੇ ਮੈਨੂੰ ਦੱਸਿਆ,ਕਿਹਾ...ਕਿੰਨਾ ਕੁਝ। ਪਰ ਉਹ ਫੇਰ ਭੁੱਲ ਗਈਂ ਪਰਛਾਈ ਕਦੇ ਦੂਰ ਨਹੀਂ ਜਾਦੀਂ,ਨਾਲ ਰਹਿੰਦੀ ਐ,ਹਰ ਹਾਲ ਵਿੱਚ। ॥ ਖ਼ੈਰ ॥ ਮੈਂ ਉਹ ਨਹੀਂ ਕਹਾਂਗਾ ਜੋ ਕਹਿ ਸਕਦਾ ਹਾਂ। ਮੈਂ ਏਹੋ ਕਹਾਂਗਾ,ਵੱਸ। ਜੋ ਜ਼ਖ਼ਮ ਦੁਬਾਰਾ ਖੁਰਚਣਾ ਹੋਵੇ। ਉਸਤੇ ਪਹਿਲਾਂ ਆਪ ਹੀ ਮੱਲ੍ਹਮ ਨਹੀਂ ਕਰੀਦੀ ਹੁੰਦੀ।

ਕੌਣ ਚਾਹੁੰਦਾ ਸੀ...ਦੂਰ ਹੋਣਾ। ਕੋਈ ਵੀ ਤੇ ਨਹੀਂ। ਜਰੂਰਤ,ਲੋੜ ਤਾਂ ਦੋਵਾਂ ਨੂੰ ਹੀ ਸੀ। ਫ਼ੇਰ ਕਿਉਂ ਨਾ ਚਾਹੁੰਦੇ ਹੋਵੇ ਵੀ ਇਹ ਇਲਜ਼ਾਮ ਦੇ ਬੈਠੇ 'ਆਪਾਂ' ਇਸ ਮਲੂਕ ਜਿਹੇ ਰਿਸ਼ਤੇ ਨੂੰ।

ਦਿਨ ਵੀ ਉਹੀ ਹੈ ਤੇ ਰਾਤ ਵੀ। ਪਰ ਹੁਣ ਸਮਾਂ ਪਹਿਲਾਂ ਵਾਂਗ ਨਹੀਂ ਗੁਜ਼ਰਦਾ, ਮੈਂ ਹਿਸਾਬ ਕਿਤਾਬ ਵੀ ਛੱਡ ਦਿੱਤਾ ਹੈ। ਗੁਜ਼ਰਨ ਦੇ ਰਿਹਾ ਹਾਂ ਬੇਫਾਲਤੂ ਹਰ ਘੜੀ, ਹਰ ਪਲ਼ ਨੂੰ,ਘੰਟਿਆਂ ਬੱਧੀ ਚੁੱਪ ਹੋਕੇ ਬੈਠਾ ਰਹਿੰਦਾ ਹਾਂ। ਕਮਰੇ ਦੇ ਉਸੇ ਖੂੰਜੇ ਨਾਲ ਲੱਗਕੇ। ਜਿਥੇ ਬੈਠਕੇ ਪਹਿਲੀ ਦਫ਼ਾ ਤੇਰੀ ਤਸਵੀਰ ਵੇਖੀ ਸੀ। ਤਸਵੀਰ ਤੋਂ ਹੀ ਤਾਂ ਖਿੱਲਰਦੀ ਹੈ ਸਾਰੀ ਗੱਲਾਂ ਦੀ ਪੰਡ।

ਤੂੰ ਪੁੱਛਿਆ ਸੀ ਇਹ ਕਾਹਦੇ ਲਈ,ਮੈਂ ਕਿਹਾ ਸੀ ਮੈਨੂੰ ਪੈਂਨਸਿਲ ਸ਼ਾਪਨਰ ਨਾਲ ਨਹੀਂ,ਬਲੇਡ ਨਾਲ ਘੜਨਾ ਚੰਗਾ ਲੱਗਦਾ। ਅੱਜ ਉਸੇ ਬਲੇਡ ਨਾਲ ਮੈਂ,ਆਪਣੇ ਸੱਜੇ ਹੱਥ ਦੀ ਹਥੇਲੀ ਉੱਪਰ ਗੁਰਮੁੱਖੀ ਦੇ ਮੋਟੇ ਮੋਟੇ ਅੱਖਰਾਂ ਨਾਲ ' ਪੱਥਰ ' ਲਿਖਿਆ। ਮੈਂ 'ਆਪਾਂ' ਕਿਤਾਬ ਵਿੱਚ ਪਈ ਤੇਰੀ ਤਸਵੀਰ ਨਾਲ, ਵਗ਼ ਰਿਹਾ ਖ਼ੂਨ ਸਾਫ਼ ਕਰਿਆ ਤੇ ਜਲਾ ਦਿੱਤਾ ਦੋਵਾਂ ਨੂੰ,,,

ਹਾਂ ਬਹੁਤ ਲੋਕ ਨੇ ਮੇਰੇ ਆਸ ਪਾਸ,ਪਰ ਮੇਰੇ ਕੋਲ ਸਿਰਫ਼ ਉਹ ਸੀ। ਪਰ ਹੁਣ ਤੇ ਉਹ ਵੀ ਨਹੀਂ...ਕੁਝ ਦਿਨ, ਕੁਝ ਹਫ਼ਤੇ, ਕੁਝ ਮਹੀਨੇ ਤੇ ਕੁਝ ਸਾਲ਼ ਮੈਂ ਤੰਗ ਹੋਇਆ,ਬੇਹੱਦ ਤੰਗ। ਕਈ ਫੱਟ ਏਵੇਂ ਦੇ ਹੀ ਹੁੰਦੇ ਨੇ। ਆਪਣੇ ਹੱਥ ਨਾਲ ਉਹਨਾਂ ਤੇ ਮੱਲ੍ਹਮ ਨਹੀਂ ਕਰ ਹੁੰਦੀ। ਵੱਸ ਇਹ ਏਵੇਂ ਦਾ ਹੀ ਕੁਝ ਸੀ। ਤੈਨੂੰ ਤੇ ਸਮਝ ਸੀ ਮੇਰੀ,ਜਦੋਂ ਤੂੰ ਹੀ ਨਹੀਂ ਸਮਝਿਆ। ਫ਼ੇਰ ਕੀ ਸੋਚ ਉਮੀਦ ਰੱਖ ਲੈਂਦਾਂ ਇਹ ਲੋਕਾਂ ਦੇ ਕੋਲੋਂ। ਤੈਨੂੰ ਯਾਦ ਐ। ਤੂੰ ਕਿਆ ਸੀ ਮੇਰੇ ਬਾਰੇ ਕਦ ਲਿਖਣਾ,ਮੈਂ ਕਿਆ ਸੀ। ਜਦੋਂ ਤੂੰ ਦੂਰ ਚੱਲੀ ਗਈ ਤੇ ਮੇਰੇ ਕੋਲ਼ ਕੋਈ ਨਾ ਹੋਇਆ। ਉਦੋਂ ਤੇਰੇ ਬਾਰੇ ਲਿਖਾਂਗਾ।

ਤੂੰ ਤੇ ਚੱਲੀ ਗਈ। ਪਰ ਇਹ ਸ਼ਬਦ,ਅੱਖਰ,ਵਾਕ,ਬੋਲ ਸਬ ਤੇਰੇ ਨਾਲ ਹੀ ਉੱਠ ਤੁਰ ਪਏ। ਮੈਂ ਜਵਾਂ ਹੀ ਕੱਲਾ ਰਹਿ ਗਿਆ। ਪਰ ਤੇਰੀਆਂ ਲਿਖੀਆਂ ਕੁਝ ਲਿਖਤਾਂ ਤੇ ਉਹ ਨਾਵਲ ਦਾ ਪਹਿਲਾ ਕਾਂਡ ਮੇਰੇ ਕੋਲ ਅੱਜ ਵੀ ਪਿਆ ਹੈ। ਊਂ ਗੱਲ ਐ,ਮੈਂ ਤੈਨੂੰ ਬੜਾ ਆਸਾਨੀ ਨਾਲ ਭੁੱਲ ਗਿਆ ਸੀ। ਹੁਣ ਤੇ ਆਏਂ ਜੇ ਲੱਗਦਾ, ਜਿਵੇਂ ਕਦੇ ਮਿਲੇ ਹੀ ਨਹੀਂ ਸੀ।

ਰਾਤੀਂ ਖਿਆਲ਼ ਆਇਆ,ਸ਼ਾਇਦ ਸੁਪਨਾ ਸੀ। ਤੈਨੂੰ ਤੇ ਪਤਾ,ਮੈਨੂੰ ਸੁਪਨੇ ਨਹੀਂ ਆਉਂਦੇ। ਪਰ ਇਹ ਸੀ...ਜਿਵੇਂ ਤੂੰ ਪੁੱਛ ਰਹੀ ਹੈ। ਕਿ ਮੇਰੇ ਬਾਦ ਕਿਦਾਂ ਭਰਿਆ ਵਕਤ ਦਾ ਉਹ ਟੋਆ,ਜੋ ਮੇਰੇ ਬਾਦ ਖਾਲ਼ੀ ਹੋ ਗਿਆ ਸੀ।

ਮਾਂ ਨੇ ਹਾਕ ਮਾਰੀ ਤੇ ਤੇਰੀ ਗੱਲ ਅਧੂਰੀ ਹੀ ਰਹਿ ਗਈ। ਮੇਰਾ ਕਾਲਜ ਸੀ ਅੱਜ। ਮੈਂ ਕਾਲਜ ਤੋਂ ਆਇਆ ਮੇਰੇ ਵੇਖਿਆ ਸੁਪਨਾ ਅਜੇ ਵੀ ਯਾਦ ਸੀ। ਮੈਂ ਬੜੀ ਕੋਸ਼ਿਸ਼ ਕਰੀ ਤੇਰੀ ਕੋਈ ਤਸਵੀਰ ਲੱਭਣ ਦੀ, ਪਰ ਨਹੀਂ ਮਿਲੀ। ਸਭ ਮਿਟਾ ਦਿੱਤਾ ਸੀ ਮੈਂ,ਮਿਲੇ ਵੀ ਕਿੱਥੋਂ। ਫ਼ੇਰ ਖਿਆਲ ਆਇਆ, ਪਹਿਲਾਂ ਤੇ ਬਿਨਾਂ ਪਹਿਚਾਣ ਤੋਂ ਲੱਭ ਲਿਆ ਸੀ। ਹੁਣ ਤੇ ਪਹਿਚਾਣ ਵੀ ਹੈ। ਕੀ ਪਤਾ ਉਡੀਕ ਦਾ ਅਰਥ ਉਡੀਕ ਨਿਕਲ ਆਵੇ।

ਮੈਨੂੰ ਵੀ ਚੰਗੇ ਲੱਗਦੇ ਨੇ,ਹੱਸਦੇ ਰੁੱਖ,ਮਨੁੱਖ,ਪੰਛੀ। ਮੈਂ ਵੀ ਹਲੇ ਜਿਉਂਦਾ ਹਾਂ। ਮੈਨੂੰ ਵੀ ਪਿਆਸ ਲੱਗਦੀ ਹੈ ਤੇ ਭੁੱਖ ਵੀ। ਮੈਂ ਵੀ ਇੱਕ ਪਾਤਰ ਹਾਂ। ਮੈਂਨੂੰ ਵੀ ਮਿਲੀ ਹੈ ਉਸ ਗਲ਼ਤੀ ਦੀ ਸਜ਼ਾ। ਜੋ ਮੈਂ ਕਰੀ ਹੀ ਨਹੀਂ । ਫ਼ੇਰ ਮੈਂ ਪਰਾਇਆ ਕਿਉਂ...!

ਉਹਨੇ ਇੱਕ ਦਿਨ ਕਿਹਾ,ਤੂੰ ਚੁੱਪ ਕਿਉਂ ਹੈਂ..?

ਮੈਂ ਕਿੰਨਾ ਚਿਰ ਖੁਦ ਨੂੰ ਇਹ ਪੁੱਛਦਾ ਰਿਹਾ,ਕਿ ਮੈਂ ਚੁੱਪ ਕਿਉਂ ਹਾਂ। ਉਸਨੇ ਹਲੂਣਿਆ ਤੇ ਫ਼ੇਰ ਕਿਹਾ ਦੱਸ..? ਮੈਂ ਉਹਦੇ ਚਿਹਰੇ ਵੱਲ ਵੇਖਿਆ ਤੇ ਬੋਲ਼ਣਾ ਸ਼ੁਰੂ ਕਰਿਆ,

ਸ਼ਾਇਦ ਕੁਝ ਕਹਿਣ ਲਈ ਨਹੀਂ ਹੈ ਕੋਲ਼,ਇਸ ਲਈ ਚੁੱਪ ਹਾਂ। ਉਹ ਇਹ ਸੁਣਕੇ ਚੁੱਪ ਹੋ ਗਈ। ਦੋਵੇਂ ਹੱਥ ਆਪਣੇ ਥੋਡੀ ਥੱਲੇ ਰੱਖ ਵੇਖਣ ਲੱਗੀ। ਮੈਂ ਕਿੰਨਾ ਚਿਰ ਵੇਖਦਾ ਰਿਹਾ,ਫ਼ੇਰ ਮੇਰੇ ਤੋਂ ਵੀ ਨਿਗਾਹ ਘੁੰਮ ਗਈ ਤੇ ਉਹਨੇ ਵੀ ਘੁਮਾ ਲਈ,ਤੇ ਫੇਰ ਇੱਕ ਕਹਾਣੀ ਅਧੂਰੀ ਹੀ ਪੂਰੀ ਹੋ ਗਈ ।

ਮੈਂ ਲੋਕਾਂ ਦਾ ਤਰਾਸ਼ਿਆ ਹੋਇਆ ਇੱਕ ਬੁੱਤ ਹਾਂ,ਕੁਝ ਆਦਤਾਂ ਸੁਧਾਰ ਤੇ ਬੁਰਾਪਣ ਮੈਂ ਤੇਰੇ ਆਉਂਣ ਜਾਣ ਸਿੱਖਿਆ। ਤੈਨੂੰ ਪਤੈ ਮੈਂ ਸ਼ਿਵ ਨੂੰ ਕਿਹਾ ਸੀ ,ਕਿ ਮੇਰੇ ਕੋਲ ਦੋਸਤ ਤਾਂ ਹੈ। ਤੈਨੂੰ ਪਤਾ,ਵੱਸ ਉਸਤੋਂ ਬਾਦ...ਹੁਣ ਕੁਝ ਨਾ ਕਹਿਣਾ ਹੀ ਸਹੀ ਹੈ।

ਹੁਣ ਬੂਹਾ ਬੰਦ ਹੈ। ਸ਼ਿਵ ਆਉਂਦਾ ਹੈ ਕਦੇ ਕਦੇ ਖੜਕਾਉਂਦਾ ਹੈ ਕੁੰਡਾ ।ਮੇਰੇ ਤੋਂ ਖੋਲ੍ਹ ਨਹੀਂ ਹੁੰਦਾ। ਕਦੇ ਕਦੇ ਖਿਆਲ਼ ਆਉਂਦਾ ਹੈ। ਉਸਨੂੰ ਮੋੜ ਦੇਵਾਂ। ਮੈਨੂੰ ਪਤਾ ਹੈ,ਉਹ ਮੁੜ ਜਾਏਗਾ। ਉਸਨੂੰ ਵੱਸ ਮੌਕਾ ਚਾਹੀਦਾ ਹੈ ਮੁੜਨ ਦਾ। ਲੱਭ ਤੇ ਹਰ ਕੋਈ ਬਹਾਨਾ ਹੀ ਰਿਹਾ ਹੁੰਦਾ। ਕੋਈ ਜਿਉਂਣ ਦਾ ਕੋਈ ਮਰਨ ਦਾ।

ਕਿੰਨਾ ਖਿਲਾਰਾ ਪਾ ਰੱਖਿਆ ਮੈਂ, ਮੈਨੂੰ ਇੱਕ ਦਿਨ ਉਹ ਮਿਲਿਆ। ਅਚਾਨਕ । ਕਿਦਾਂ ਕਿੱਥੇ ਕਿਵੇਂ ਇਹ ਉਹ ਆਪ ਦੱਸ ਦੇਵੇਗਾ। ਬੇਸ਼ੱਕ ਇਹ ਵੀ ਇੱਕ ਪਾਤਰ ਹੈ। ਵੱਸ ਆਪਾਂ ਨੂੰ ਆਪਣਾ ਪਾਗਲ਼ਪਣ ਦਿਸਦਾ ਨਹੀਂ,ਦੂਸਰੇ ਦਾ ਦਿਸਦਾ ਹੈ। ਵੱਸ ਇਹ ਉਹ ਹੀ ਸੀ। ਜਿਸਨੂੰ ਦੇਖ ਦੇਖਕੇ ਮੈਂ ਆਪਣੇ ਬਾਰੇ ਹੋਰ ਜਾਣਨ ਦੀ ਕੋਸ਼ਿਸ਼ ਕਰੀ। ਉਹ ਤੇਰੇ ਵਾਂਗ ਮੈਨੂੰ ਆਖਦਾ ਹੈ। ਸ਼ਿਵ ਤੋਂ ਦੂਰ ਰਹਿ,,,ਮੈਂ ਆਖ਼ਦਾ ਹਾਂ। ਦੂਰ ਤੇ ਫੇਰ ਰਹਿਵਾਂ ਜੇ ਨੇੜੇ ਹੋਵਾਂ। ਭਰੀ ਹੋਈ ਜਗਾਹ ਨੂੰ ਕੋਈ ਕਿਵੇਂ ਭਰੇਗਾ। ਭਰੀ ਤੇ ਜਗਾਹ ਹੀ ਜਾਏਗੀ ਹਨਾਂ...ਉਸ ਕੋਲ਼ ਥੌਂਹ ਹੈਨੀ। ਜੇ ਹੁੰਦੀ ਵੀ,ਮੈਂ ਉਸ ਵਿੱਚ ਮੇਚ ਨਹੀਂ

ਆਉਂਨਾ ਸੀ। ਮੈਂ ਬੜਾ ਨਿੱਕਾ ਹਾਂ। ਉਸਨੂੰ ਮੇਰੇ ਹੁੰਦੇ ਸੁੰਦੇ ਵੀ ਲੋੜ ਪੈਣੀਂ ਸੀ ਕਿਸੇ ਹੋਰ ਦੀ। ਜੋ ਪੂਰੀ ਜਗਾਹ ਭਰ ਸਕੇ।

ਸਭ ਨੂੰ ਪੈਦੀਂ ਹੈ ਲੋੜ। ਕਿਸੇ ਹੋਰ ਦੀ। ਜਿਸ ਜਿਸ ਕੋਲ ਮੈਂ ਖਾਲ਼ੀ ਜਗਾਹ ਭਰਨ ਗਿਆ ਹਾਂ। ਮੈਂ ਬੜਾ ਨਿੱਕਾ ਹਾਂ। ਮੇਰੇ ਤੋਂ ਪੂਰੀ ਜਗਾਹ ਨਹੀਂ ਭਰ ਹੁੰਦੀ। ਮੈਂ ਬੁੱਤ ਹਾਂ,ਜਿਸ ਨੂੰ ਹਰ ਕੋਈ ਤਰਾਸ਼ਦਾ ਰਿਹਾ ਆਪਣੀ ਮਰਜ਼ੀ ਨਾਲ,ਆਪਣੇ ਅਨੁਸਾਰ। ਛਿੱਲ ਸੁੱਟੇ ਮੇਰੇ ਹਰ ਖੂੰਜੇ ,ਕੋਨੇ , ਹੁਣ ਮੈਂ ਭੋਰਾ ਕੁ ਹੀ ਰਹਿ ਗਿਆ। ਹੁਣ ਕਿਸੇ ਦੇ ਮੇਚ ਨਹੀਂ ਆਵਾਂਗਾ। ਤੈਨੂੰ ਪਤਾ,ਬਹੁਤੀ ਬਰੀਕ ਚੀਜ਼ ਤੇ ਹੱਥ ਵਿੱਚ ਵੀ ਨਹੀਂ ਆਉਂਦੀ। ਮੈਂ ਨਹੀਂ ਆਵਾਂਗਾ। ਗਵਾਚ ਜਵਾਂਗਾ ਓਸੇ ਚੀਜ਼ ਵਾਂਗ। ਸ਼ਾਇਦ ਪੈਰਾਂ ਹੇਠ ਲਤੜਿਆ ਜਾਵਾਂ। ਜਾਂ ਫ਼ੇਰ ਉੱਗ ਆਵਾਂਗਾ ਕਿਸੇ ਦਿਨ ਰੁੱਖ਼ ਬਣਕੇ। ਉਡੀਕ ਦਾ ਫਲ਼ ਤੇ ਮਿਲਦਾ ਹੀ ਹੈ। ਬਣ ਜਾਵਾਂਗਾ ਉਹਦੇ ਘਰਦੀ ਕੁਰਸੀ। ਉਹਦੇ ਘਰਦਾ ਟੇਬਲ ਤੇ ਉਹਦੇ ਘਰਦਾ ਹੈਂਗਰ,ਜਿਸਤੇ ਉਹ ਟੰਗ ਦੇਆ ਕਰੇਗੀ। ਕਿਤਾਬਾਂ ਵਾਲਾ ਬੈਗ। ਜਿਸ ਵਿੱਚ ਮੇਰੀ ਦਿੱਤੀ ਕੋਈ ਇੱਕ ਨਾ ਇੱਕ ਕਿਤਾਬ ਲਮਕ ਰਹੀ ਹੋਇਆ ਕਰੇਗੀ। ਵੱਸ ਐਦਾਂ ਹੀ ਮੈਂ ਵਸਤੂਆਂ ਵਿੱਚ ਤਬਦੀਲਿਆ ਜਵਾਂਗਾ ਇੱਕ ਦਿਨ,,,ਮੇਰੇ ਜਗਾਹ ਮੇਰੀ ਥੋਂਹ ਬੈਠਾ,ਆਜ਼ਾਦ ਲੱਭ ਰਿਹਾ ਹੋਵੇਗਾ ਕੋਈ ਪਾਤਰ। ਤੇ ਆਜ਼ਾਦ ਤੋਂ ਬਣ ਜਾਏਗਾ ਇੱਕ ਦਿਨ ਮੈਂ। ਆਜ਼ਾਦ ਹੀ ਕਿਉਂ...!
ਇਹ ਸ਼ਿਵ ਵੀ ਹੈ ਤੇ ਅਨੰਤ ਵੀ। ਇਸ ਵਿੱਚੋਂ ਦੋਵੇਂ ਪਾਤਰ ਝਿਲਕਦੇ ਨੇ। ਇਸਨੇ ਦੋਵਾਂ ਦੀ ਥਾਂ ਘੇਰ ਲਈ ਮੇਰੇ ਕੋਲ। ਇਹ ਦੋਵੇਂ ਅਧੂਰੇ ਪਾਤਰ ਨੇ ।
ਮੈਨੂੰ ਇਸ ਵਿੱਚੋਂ ਆਪਣਾ ਅਤੀਤ ਦਿਸਦਾ। ਜੋ ਮੈਂ ਕਦੇ ਸੀ। ਆਜ਼ਾਦ ਉਹ ਸਭ ਹੁਣ ਹੈ। ਮੈਂ ਨਹੀਂ ਚਾਹੁੰਦਾ,ਜੋ ਮੇਰੇ ਨਾਲ ਹੋਈ। ਉਹ ਉਸਨਾਲ ਵੀ ਹੋਵੇ। ਮੈਂ ਨਹੀਂ ਚਾਹੁੰਦਾ। ਉਸਦੀਆਂ ਵੀ ਮਰ ਜਾਣ ਸਾਰੀਆਂ ਖਵਾਇਸ਼ਾਂ ਤੇ ਰੀਝਾਂ । ਉਹ ਵੀ ਕਦੇ

ਭਵਿੱਖ ਦੀ ਗੱਲ ਨਾ ਕਰੇ। ਮੈਂ ਨਹੀਂ ਚਾਹੁੰਦਾ। ਉਹ ਖਲੋ ਜਾਏ । ਜਿਦਾਂ ਮੈਂ ਖਲੋ ਗਿਆ।

ਮੈਂ ਚਾਹੁੰਦਾ ਹਾਂ। ਉਹ ਤੁਰੇ,ਉਥੋਂ ਤੀਕ ਜਾਏ। ਜਿੱਥੇ ਉਹ ਜਾਣਾ ਚਾਹੁੰਦਾ। ਉਹ ਮੇਰੇ ਹਿੱਸੇ ਦਾ ਵੀ ਜੀਵੇ। ਮੈਂ ਆਪਣੇ ਸਾਰੇ ਪਾਤਰ ਤੇ ਸਾਰੀਆਂ ਕਹਾਣੀਆਂ,ਜੋ ਵੀ ਮੇਰੇ ਕੋਲ਼ ਭੋਰਾ ਕੁ ਬਾਕੀ ਸੀ। ਸਭ ਆਜ਼ਾਦ ਨੂੰ ਸੌਂਪ ਰਿਹਾ ਹਾਂ। ਹੁਣ ਹਰ ਥਾਂ ਜਿੱਥੇ ਜਿੱਥੇ ਕਦੇ ਮੈਂ ਸੀ। ਓਥੇ ਹਰ ਜਗਾਹ ਉਹ ਹੋਵੇਗਾ। ਮੈਂ ਹੁਣ ਚੱਲਿਆ ਹਾਂ,ਤੁਸੀਂ ਆਪਣਾ ਖਿਆਲ ਰੱਖਣਾ। ਭੁੱਲ ਜਾਣਾ ਜਲਦੀ ਤੋਂ ਜਲਦੀ ਮੈਨੂੰ ,ਯਾਦ ਨਾਲ । ਦੇਰ ਨਾ ਕਰਨੀ । ਉਡੀਕ ਤਾਂ ਤੁਸੀਂ ਕਰੋਗੇ ਹੀ ਕਿਓ,ਚੱਲੋ ਠੀਕ ਹੈ । ਮੈਂ ਚੱਲਾ ਹਾਂ ,ਹੁਣ ਓਹ ਆਏਗਾ ਮੇਰੀ ਜਗਾਹ ਜਿੱਥੇ ਜਿੱਥੇ ਕਦੇ ਮੈਂ । ਹੈ ,ਸੀ ।

ਪਤਾ ਨਹੀਂ ਇਹ ਸਾਰਾ ਕੁਝ ਕੀ ਹੈ..?
ਤੇ ਕਿਉ ਹੈ..?
ਪਰ ਏਹ ਜੋ ਵੀ ਹੈ।ਜਰੂਰੀ ਹੈ,ਤੇ ਸੋਹਣਾ ਵੀ।

ਜੇਕਰ ਮੈਨੂੰ ਕੋਈ ਪੁੱਛੇ ਕੀ ਤੇਰੇ ਲਈ, ਸਭ ਤੋਂ ਖਾਸ ਕੌਣ ਹੈ ਤਾਂ ਮੇਰਾ ਇੱਕੋ ਹੀ ਜਵਾਬ ਹੋਵੇਗਾ ॥ ਹਰ ਵਾਰ , ਹਰ ਮੋੜ ਤੇ ਹਰ ਉਮਰ ਚ, ਵੱਸ ਇੱਕੋ ਹੀ ਨਾਮ,ਜਿਹੜਾ ਮੈਨੂੰ ਮਿਲਿਆ ਤੇ ਛਪ ਗਿਆ। ਜੀਹਦੇ ਨਾਲ ਰਹਿੰਦਾ ਰਹਿੰਦਾ ਮੈਂ ਓਹ ਹੀ ਹੋ ਗਿਆ, ਹਾਂ...ਹਾਂ...ਸਹੀ ਸਮਝੇ। ਓਹੀ...' ਸੁਖਦੀਪ ' ਉਰਫ਼ ' ਰੱਬ ਦੇ ਸ਼ਾਇਰ ' । ਸੁਖਦੀਪ, ਇੱਕ ਲੇਖਕ,ਇੱਕ ਕਹਾਣੀਕਾਰ ਤੇ ਹੋਰ ਪਤਾ ਨਹੀਂ ਕੀ ਕੁੱਝ। ਜੋ ਮੈਨੂੰ ਇੱਕ ਲਾਈਵ ਤੇ ਮਿਲਿਆ ਤੇ ਕਿਮੇਂ ਮੇਰੇ ਲਈ, ਵੱਡਾ ‘ ਮੈਂ ’ ਹੋ ਗਿਆ, ਜਾਂ ਮੈਂ ਆਪਣੇ ਘਰਦਿਆਂ ਦਾ ‘ਅਜ਼ਾਦਵਿੰਦਰ ਕਿਮੇਂ ਅਜ਼ਾਦ ਬਣ ਗਿਆ, ਪਤਾ ਹੀ ਨਹੀਂ ਲੱਗਾ।

ਖੈਰ.. ਚਲੋ ਅੱਜ ਨਿਗ੍ਹਾ ਮਾਰਦੇ ਆ ਸਾਰੀ ਕਹਾਣੀ ਤੇ,.. ਸ਼ੁਰੂਆਤ ਦੀ ਸ਼ੁਰੂਆਤ ਤੋਂ... ਹਾਂ ਤੇ ਇੱਕ ਗੱਲ ਦਾ ਖਿਆਲ ਰੱਖਣਾ ਤੇ ਅਖੀਰ ਤੱਕ ਯਾਦ ਵੀ " ਪਰਦੇ ਪਿੱਛੇ ਬਹੁਤ ਕੁੱਛ ਹੈ " ।

ਲੋਕ ਮਿਲਦੇ ਨੇ ਜੁੜਦੇ ਨੇ ਤੇ ਟੁੱਟਦੇ ਨੇ।ਚਲੇ ਜਾਂਦੇ ਨੇ ਵਾਪਿਸ ਆਉਂਦੇ ਨੇ, ਇਹਨਾਂ ਦਾ ਅਉਣਾ ਜਾਣਾ ਲਗਿਆ ਹੀ ਰਹਿੰਦਾ।ਜੇਕਰ ਏਦਾ ਨਾ ਹੋਵੇ ਤੇ ਕਿੰਨਾ ਕੁੱਝ ਰੁੱਕ ਜਾਵੇਗਾ..ਗੱਲਾਂ ਹੋਣੀਆਂ ਬੰਦ ਹੋ ਜਾਣਗੀਆ.., ਕਿਸੇ ਲਈ ਰੰਗ ਫਿੱਕੇ ਹੋ ਜਾਣਗੇ , ਕਵੀ ਲਈ ਕਵਿਤਾ ਦਾ ਦਾਇਰਾ ਛੋਟਾ ਹੋ ਜਾਵੇਗਾ,..ਸ਼ਾਇਦ ।

ਮੈਨੂੰ ਨਹੀਂ ਪਤਾ ਸੀ , ਕੀ ਐਦਾ ਦਾ ਕੁੱਝ ਵੀ ਹੋਵੇਗਾ,

ਟੁੱਟਣਾ...ਕੀ ਹੁੰਦਾ, ਮੈਨੂੰ ਤਾਂ ਪਤਾ ਹੀ ਨਹੀਂ ਸੀ। ਜਿੰਨਾ ਚਿਰ ਮੈਂ ਇਹਨਾਂ ਲੋਕਾਂ ‘ਚ ਨਹੀਂ ਵਿਚਰਿਆ...ਕਹਾਣੀ ਸੁਣਾਵਾਂ..?

ਮੇਰੀਓ ਗੱਲ ਏ, ਮੇਰੀ ਜਿੰਦਗੀ ਚ ਸਭ ਤੋਂ ਵੱਧ ਉਲਝਣ, ਕੁੜੀਆ ਦੀ ਹੀ ਰਹੀ ਏ...ਸ਼ਾਇਦ ਸਭ ਲਿਖ਼ਣ ਵਾਲਿਆਂ ਦੀ ਹੁੰਦੀ ਹੈ। ਏਹੀ ਚੀਜ ਮੈਨੂੰ ਲੈਕੇ ਬੈਠੀ ਏ ਸਭ ਤੋਂ ਵੱਧ,,

ਦੂਜੀ ਗੱਲ,, ਮੇਰੀ ਸੋਚ ਨਹੀ ਮਿਲਦੀ ਇਸ ਦੁਨੀਆ ਨਾਲ,,

ਮੈਂ ਫਿਟ ਨਹੀਂ ਬਹਿੰਦਾ ਇਹਦੇ ਸਾਂਚੇ ‘ਚ..ਉਹਦੇ ਵਾਂਗ

ਮੈਨੂੰ ਦੋ ਚੀਜ਼ਾ ਦੀ ਭੁੱਖ ਰਹੀ, ਹੱਦੋਂ ਜਿਆਦਾ...

ਪਹਿਲਾ ਪਿਆਰ ਦੀ.. , ਦੂਜਾ ਦੋਸਤੀ ਯਾਰੀ ਦੀ..।

ਪਰ ਕਦੇ ਇਹ ਦੋਵੇਂ ਮੇਰੇ ਹਿੱਸੇ ਨਹੀਂ ਆਏ, ਜਾਂ ਪਿਆਰ ਮਿਲਦਾ ਹੈ ਜਾਂ ਦੋਸਤ।

ਸਕੂਲ ਟਾਈਮ ਦੀ ਗੱਲ ਏ, ਜਿਥੋਂ ਏਹ ਕਹਾਣੀ ਸ਼ੁਰੂ ਹੁੰਦੀ ਏ...

ਘਰ ਚ ਧਾਰਮਿਕ ਗ੍ਰੰਥ ਪਏ ਨੇ, ਸਾਡੇ ਬਾਪੂ ਜੀ ਨੂੰ ਸ਼ੌਕ ਸੀ ਸੁਣਨ ਦਾ.. ਓਹਨਾਂ ਨੇ ਗ੍ਰੰਥ ਲੈਕੇ ਆਉਣਾ ‘ਤੇ ਵਾਜ ਮਾਰਨੀ, “ ਓ ਯਾਦ, ਉਰੇ ਆ ਆਹ ਸੁਣਾਈ ਜ਼ਰਾ, ਪੜ੍ਹਕੇ। ”

ਓਹ ਪੜ੍ਹਦਿਆ ਪੜ੍ਹਦਿਆਂ ਪਤਾ ਹੀ ਨਹੀਂ ਲੱਗਾ ਕਦੋਂ, ਕਿਤਾਬਾਂ ਨਾਲ ਮੋਹ ਪੈ ਗਿਆ

ਇਹਨਾਂ ਦਿਨਾਂ ਚ, ਸਾਡੇ ਘਰ ਪਈ ਸੀ ਇੱਕ ਕਿਤਾਬ ਬਾਬਾ ਨਜ਼ਮੀ ਦੀ ਮਿਲ਼ੀ, ਗ਼ਜ਼ਲਾਂ ਪੜ੍ਹੀਆ ‘ਤੇ ਖਿੱਚ ਲਿਆ ਮੈਨੂੰ ਗ਼ਜ਼ਲਾਂ ਨੇ ..

ਪਰ ਇਹ ਵੀ ਨਹੀਂ, ਕੀ ਲਿਖਦਾ ਹੀ ਰਿਹਾ,,ਜਾਂ ਹਮੇਸ਼ਾ ਪੜ੍ਹਦਾ ਹੀ ਰਿਹਾ,ਖਾਲੀ ਵੀ ਹੋਇਆਂ ਵਾਂ ‘ਬਹੁਤ ਵਾਰ’

ਇੱਕ ਵਾਰ ਤੇ ਮੋਹਬੱਤ ਲੱਭਣ ਚਲਾ ਗਿਆ ਸੀ,, ਓਹੀ ਚਾਹੀਦੀ ਸੀ।

ਮੈਨੂੰ ਮੇਰੇ ਜਿੰਦਗੀ ਨਾਲ ਰੋਸੇ ਸ਼ੁਰੂ ਤੋਂ ਹੀ ਨੇ , ਪਰ ਇਹਦੇ ਅਹਿਸਾਨ ਵੀ ਬਹੁਤ ਨੇ , ਇਸੇ ਨੇ ਹੀ ਤਾਂ ਦਸਿਆ, ਪਰਦੇ ਪਿੱਛੇ ਬਹੁਤ ਕੁਝ ਹੈ...

ਦੋਸਤੀ ਤੋਂ ਵਾਂਝਾ ਹੀ ਰਿਹਾ ਕਿੰਨੇ ਸਾਲ ਐਦਾਂ ਨਹੀਂ, ਕੋਈ ਹੈ ਨਹੀ ਸੀ। ਆਪਣੀ ਦੋਸਤੀ ਤਾਂ, ਓਹ ਆਲੀ ਗੱਲ ਏ ਜਿੱਥੇ ਖੜਗੇ, ਫੇਰ ਭਲਾ ਰੱਬ ਆਜੇ, ਪਰ ਫਿਰ ਵੀ ਆਪਾਂ ਦੁਰਕਾਰੇ ਗਏ ਆ।

ਜਿੰਦਗੀ ਚ ਪਹਿਲੀ, ਕੁੜੀ ਜੋ ਮਿਲੀ, ** ਬੇਹੱਦ ਹੀ ਖ਼ੂਬਸੂਰਤ,

ਉਸਦਾ ਰੰਗ ਐਦਾਂ, ਕਿ ਦੋ ਪਲ ਵੀ ਧੁੱਪ ਵਿੱਚ ਖੜ ਜਾਵੇ,ਗੁਲਾਬੀ ਹੋ ਜਾਂਦੀ...

ਲੱਗਾ ਉਹ ਵੱਖਰੀ ਹੈ ਦੁਨੀਆਂ ਤੋਂ, ਪਰ ਫਿਰ ਪਤਾ ਲੱਗਾ ਕੁੱਝ ਵੱਖਰਾ ਨਹੀਂ ਹੁੰਦਾ...

ਪਹਿਲੀ ਵਾਰੀ ਯਕੀਨ..ਕਰਿਆ,ਟੁੱਟਿਆ ਵੀ ਬੜੀ ਛੇਤੀ..

ਤੁਸੀਂ ਕੁੱਝ ਵੀ ਕਰਨਾ,, ਕੁਝ ਵੀ ਕਹਿਣਾ, ਕਿਸੇ ਨੂੰ ਕਿਸੇ ਬਾਰੇ ਕੁੱਝ ਵੀ ਦੱਸਣਾ,, ਪਰ ਕਦੇ ਵੀ ਆਪਣੀ ਆਖੀ ਗੱਲ ਤੋਂ, ਕਦੇ ਨਾ ਮੁੱਕਰਨਾ ,,

ਇਹੀ ਸਭ ਤੋਂ ਵੱਡੀ ਵਜ੍ਹਾ ਹੁੰਦੀ ਏ ਰਿਸ਼ਤੇ ਟੁੱਟਣ ਦੀ।ਮੇਰੇ ਨਾਲ ਵੀ ਐਦਾਂ ਹੀ ਹੋਇਆ,, ਦਸਿਆ ਸੀ ਨਾ ਪਹਿਲੀ ਮੋਹਬੱਤ, ..!

ਓਦੋਂ ਸਿਰਫ ਦੋ ਹੀ ਦੋਸਤ ਹੁੰਦੇ ਸਨ, ਇੱਕ ਲਾਗੇ ਪਿੰਡ ਦਾ ਸੀ। ਜਿੱਥੇ ਅਸੀ ਪੜ੍ਹਦੇ ਸਾਂ, ਇੱਕ ਮੇਰੇ ਪਿੰਡ ਦਾ ਲੱਗਦਾ ਸੀ, ਇਹੀ ਦੁਨੀਆ ਨੇ, ਸ਼ਾਇਦ ਸਮਝਦੇ ਨੇ ਮੈਨੂੰ..ਪਰ ਮੈਂ ਗਲਤ ਸਾਬਿਤ ਹੋਇਆ

ਦਰਅਸਲ ਹੋਇਆ ਇਹ, ਕਿ ਕੀ ਅਖ਼ੀਰ ਵਾਲੇ ਤੋਂ ਪਹਿਲਾਂ ਪੀਰੀਅਡ ਸੀ, ਫ੍ਰੀ ਹੋਣ ਕਰਕੇ ਬਾਹਰ ਖੇਡਣ ਚਲੇ ਗਏ, ਅਸੀ ਸਾਰੇ , ਪਰ ਦੋ ਜਾਣੇਂ ਗਾਇਬ ਸੀ।

ਮੈਂ ਇਹਨਾਂ ਨੂੰ ਲੱਭਣ ਤੁਰਿਆ ਤਾਂ, ਸਾਡੇ ਪਿੰਡ ਵਾਲਾ, ਨਜ਼ਰ ਆਇਆ, ਮੈਂ ਆਵਾਜ਼ ਮਾਰੀ ॥ ਖ਼ੈਰ ॥ ਕਲਾਸ ਚ ਚਲਦੇ ਆ, ਐਨਾ ਆਖਕੇ ਮੈਂ, ਤੁਰ ਆਇਆ, ਕਲਾਸ ਚ ਵੜਦਿਆਂ ਸਾਰ ਹੀ, ਜੋ, ਦੇਖਿਆ ...

ਓਹ ਲੜਕੀ, ਮੈਨੂੰ ਮੁਹੱਬਤਾਂ ਦੇਣ ਵਾਲ਼ੀ, ਆਪਣੇ ਹੱਥਾਂ ਨਾਲ , ਮੇਰੇ ਦੋਸਤ ਦੇ ਵਾਲ ਸਹਿਲਾ ਰਹੀ ਸੀ,,,,

ਮੈਨੂੰ ਲੱਗਾ ਗਲਤ ਫਹਿਮੀ ਏ, ਸੋ ਜਿਆਦਾ ਗੌਰ ਨਹੀਂ ਕੀਤੀ ,

ਦੋ ਤਿੰਨ ਦਿਨਾਂ ਬਾਦ, ਓਹ ਮੇਰੇ ਪਿੰਡ ਵਾਲਾ ਮਿੱਤਰ, ਦੱਸਦਾ " ਜਾਦੂ ਇੱਕ ਗੱਲ ਆਖਾਂ, ਓਸ ਦਿਨ ਕ੍ਰਿਸ਼ਨ ਤੇ ਅਮਨ ਨੂੰ ਮੈਂ ਦੇਖਿਆ,

ਮੈਂ ਵੀ ਕੋਲ ਖੜਾ ਸੀ, ਤੇਰੇ ਆਉਣ ਤੋਂ ਪਹਿਲਾਂ, ..

ਮੈਂ ਚੁੱਪ ਸੀ , ਅਗਲੇ ਜਦੋਂ ਮੈਂ ਇਹਨਾਂ ਨੂੰ ਪੁੱਛਿਆ ਤਾਂ, ਏਹ ਪਿੰਡ ਵਾਲਾ ਵੀ ਮੁਕਰ ਗਿਆ, ਇਹ ਸੀ ਦੋਸਤੀ ਦੀ ਕਹਾਣੀ , ਖੈਰ...ਵੱਸ ਫੇਰ ਕੱਲਾ ਰਿਹਾ ਕਿੰਨੇ ਸਾਲ,,ਕੱਲਾ ਮਤਲਬ ਕੱਲਾ

॥ਖ਼ੈਰ॥

ਇਹ ਸਾਰਾ ਕੁੱਝ ਹੋਣਾ ਜਰੂਰੀ ਸੀ, ਸੁਖਦੀਪ ਨੂੰ ਜੋ ਮਿਲਣਾ ਸੀ,,

ਆਪਾਂ ਖ਼ੁਦ ਕਿਸੇ ਨੂੰ ਨਹੀਂ ਮਿਲਦੇ, ਇਹ ਕੁਦਰਤ ਹੁੰਦੀ ਏ, ਸਾਨੂੰ ਇੱਕ ਦੂਜੇ ਨਾਲ ਮਿਲਾਉਣ ਵਾਲ਼ੀ,

ਮੈਂ ਕਿੰਨਾ ਚਿਰ ਕੁੱਝ ਲੱਭਦਾ ਰਿਹਾ, ਕੀ ਲੱਭ ਰਿਹਾ ਸੀ ਮੈਨੂੰ ਵੀ ਨਹੀਂ ਪਤਾ,, ਮੇਰੇ ਅੰਦਰ ਕਿਸੇ ਚੀਜ਼ ਨੂੰ ਭਾਲਣ ਦੀ, ਚਾਹਤ ਲੱਗੀ ਰਹਿੰਦੀ।

ਤੇ ਅਖੀਰ ਓਹ ਦਿਨ ਆਉਂਦੈ, ਜਦੋਂ ਏਹ ਭਾਲ ਮੁੱਕਦੀ,

ਮੈਂ ਸੁਖਦੀਪ ਨੂੰ ਮਿਲ਼ਿਆ ਜਦ, ਕਾਫੀ ਉਲਜਿਆ ਹੋਇਆ ਸਾਂ, ਕੋਈ ਨਵਾਂ ਮਸਲਾ ਨਹੀਂ ਸੀ। ਓਹੀ ਕੁੜੀਆ ਵਾਲਾ,ਦਰਅਸਲ ਇਸ ਟਾਇਮ ਮੈਂ ਤਿੰਨ ਲੜਕੀਆਂ ਨਾਲ , ਗੱਲ ਕਰ ਰਿਹਾਂ ਸਾਂ,, ਮੈਨੂੰ ਕੁੱਝ ਨਹੀਂ ਸਮਝ ਨਹੀਂ ਸੀ ਆ ਰਿਹਾ ਕੀ ਕਰਾਂ, ਕਿਸਨੂੰ ਅਪਣਾਵਾਂ,, ਇਹ ਤਿੰਨੇ ਕੁੜੀਆ ਮੈਨੂੰ ਬਹੁਤ ਅਜ਼ੀਜ਼ ਸਨ,, ਉਸ ਟਾਈਮ ਮੈਨੂੰ ਇੱਕ ਸਾਥ ਦੀ ਲੋੜ ਸੀ, ਕੋਈ ਅਜਿਹਾ ਜਿਹੜਾ ਮੇਰੀ ਗੱਲ ਨੂੰ ਸਮਝੇ, ਜੀਹਨੂੰ ਮੈਨੂੰ ਸਾਰਾ ਕੁੱਝ ਨਾ ਦੱਸਣਾ ਪਵੇ, ਪਰ ਇਹ ਸਮਝ ਜਾਵੇ, ਅਸਲੀ ਗੱਲ,,

ਉਸਤੋਂ ਪਹਿਲਾਂ ਵੀ ਮੈਂ ਕਈਆ ਤੋਂ ਸਲਾਹ ਲਈ,, ਸਾਰਿਆਂ ਦੇ ਵੱਖਰੇ ਵੱਖਰੇ ਵਿਚਾਰ ਸਨ,,ਜਿੰਨਾ ਵਿੱਚੋਂ ਕੋਈ ਵੀ ਮੇਰੇ ਮੇਚ ਨਾ ਆਇਆ

ਮੈਨੂੰ ਸਮਝ ਨਹੀਂ ਸੀ ਲੱਗ ਰਹੀ,,

ਓਦੋਂ ਪਹਿਲੀ ਵਾਰ ਏਸ ਬੰਦੇ ਨੂੰ ਮੈਂ ਮਿਲ਼ਿਆ, ਏਹਨੇ ਮਿਲਦੇ ਨੇ ਹੀ ਮੇਰੀ ਉਲਝਣ ਹੱਲ ਕਰ ਦਿੱਤੀ,, ਇਹ ਤਾਂ ਲੇਖਕ ਸੁਖਦੀਪ ਸੀ,,

ਜਿਹੜਾ ਕਵੀ ਸੀ ,, ਜਦੋਂ ਆਪਾਂ ਕਿਸੇ ਨੂੰ ਮਿਲਦੇ ਆ, ਪਹਿਲੀ ਵਾਰੀ 'ਚ ਹੀ ਨਹੀ ਦੋਸਤ ਆਖ ਦਿੰਦੇ,ਪਰ ਦੋਸਤੀ ਦੇ ਅਰਥ ਬੜੇ ਡੂੰਘੇ ਨੇ,ਮੇਰੇ ਲਈ ਵੀ ਓਹ ਸੁਖਦੀਪ ਕਾਫੀ , ਅਨਜਾਣ ਰਿਹਾ,,

ਸਾਡੀਆ ਕਾਲ ਤੇ ਗੱਲਾਂ ਹੋਣ ਲੱਗੀਆਂ,, ਮੇਰੇ ਕੋਲ ਸਵਾਲਾਂ ਦਾ , ਭੰਡਾਰ ਭਰਿਆ ਰਹਿੰਦਾ,, ਏਹੋ ਜੇ ਸਵਾਲ ਜੇਕਰ ਕੋਈ ਆਮ ਬੰਦਾ ਸੁਣੇ ਤਾਂ ਮੈਨੂੰ ਲੱਗਦਾ ,ਓਹ ਮਰ ਜਾਵੇ,, ਓਹ ਸਵਾਲ ਜਿੰਨਾ ਦੇ ਜਵਾਬ ਸੁਖਦੀਪ ਹੀ ਦੇ ਸਕਦਾ ਸੀ,, ਇੱਕ ਇਹ ਵੀ ਕਾਰਨ ਹੈ, ਸਾਡੇ ਅਜ਼ੀਜ਼ ਹੋਣ ਦਾ,

ਮੈਨੂੰ ਪਤਾ ਨਹੀਂ ਕਿਓ ਆਪਣਿਆ ਤੋਂ ਡਰ ਲੱਗਦਾ ਰਹਿੰਦਾ,,

ਨਹੀਂ ਨਹੀਂ,, ਓਹ ਨਹੀਂ ਹੈ ਜੋ,, ਤੁਸੀ ਸੋਚ ਰਹੇ ਹੋ,

ਏਹ ਇੱਕ ਅਜੀਬ ਤਰਾਂ ਦਾ ਡਰ ਐ, ਕੁੱਝ ਇਹੋ ਜਿਹਾ , ਜਿਸਨੂੰ ਮੈਂ ਸਿਰਫ ਮਹਿਸੂਸ ਕਰ ਸਕਦਾ,, ਕਿਸੇ ਨੂੰ ਸਮਝਾ ਨਹੀ ਸਕਦਾ,,ਲਿਖ ਨਹੀਂ ਸਕਦਾ,ਕਹਿ ਨਹੀਂ ਸਕਦਾ।

ਏਸ ਡਰ ਪਿੱਛੇ ਵੀ ਇੱਕ ਲੰਬੀ ਕਹਾਣੀ ਹੈ,,

ਮੇਰੇ ਅਜ਼ਾਦ ਹੋਣ ਤੱਕ,,

ਮੈਂ ਕਦੇ ਆਪਣੇ ਕਿਰਦਾਰ ਤੇ ਪਰਦਾ ਨਹੀਂ ਪਾਇਆ,,

ਮੈਂ ਹੁਣ ਤੱਕ ਜਿੰਨੀਆ ਕੁੜੀਆ ਨਾਲ ਸਬੰਧ ਵਿੱਚ ਰਿਹਾ,, ਸਭ ਨੂੰ ਆਪਣਾ ਸੱਚ ਦੱਸਿਆ ਹੈ,, ਮੇਰਾ ਕਮੀਣਾਪਣ, ਮੇਰੀਆ ਆਦਤਾਂ, ਮੇਰਾ ਚੰਗਾ ਬੁਰਾ, ਕਹਿਲੋ ਮੈਂ ਕਿਸੇ ਨੂੰ ਨਕਾਬ ਪਾਕੇ ਨਹੀਂ ਮਿਲ਼ਿਆ,,ਤੇ ਇਹੀ ਸਭ ਤੋਂ ਵੱਡੀ ਵਜ੍ਹਾ ਬਣੀ ਹੈ, ਮੇਰੇ ਇਹਨਾਂ ਰਿਸ਼ਤਿਆ ਨਾਲੋ ਟੁੱਟਣ ਦੀ,, ਮੈਂ ਇਹਨਾਂ ਸਭ ਲੜਕੀਆ ਨੂੰ ਪਿਆਰ ਕੀਤਾ ਹੈ,, ਮੈਂ ਜਿਸ ਸਮੇ ਜਿਸ ਨਾਲ ਵੀ ਸੀ , ਉਸਨੂੰ ਆਪਣਾ ਸਭ ਦਿੱਤਾ,,

ਪਰ ਇਹਨਾਂ ਵਿੱਚੋ ਸਥਾਈ ਕੋਈ ਨਹੀਂ ਸੀ, ਇਹਨਾਂ ਤੋਂ ਮੈਨੂੰ ਪਿਆਰ ਬਦਲੇ ਦੁੱਖ ਹੀ ਮਿਲ਼ਿਆ, ਇੱਕ ਨੂੰ ਛੱਡਕੇ, ਕਮਲ, ਏਸ ਲੜਕੀ ਤੋਂ ਮੈਨੂੰ ਜੋ ਮਿਲ਼ਿਆ , ਜਾਂ ਇਸਨੇ ਮੈਨੂੰ ਜੋ ਦਿੱਤਾ ਮੈਂ ਉਸਦਾ ਜਿੰਦਗੀ ਭਰ ਅਹਿਸਾਨਮੰਦ ਰਹਾਂਗਾ,, ਏਹਦੇ ਨਾਲ ਰਹਿੰਦੇ ਹੋਏ ਨੇ ਮੈ , ਮੋਹੱਬਤ ਨੂੰ ਬਹੁਤ ਨੇੜਿਓ ਤੱਕਿਆ,, ਪਰ ਇਥੇ ਏਹ ਵੀ ਸੀ , ਬੇਸ਼ੱਕ ਏਸ ਨਾਲ ਮੋਹ ਭਰੇ ਦਿਨ ਗੁਜ਼ਾਰ ਰਿਹਾਂ ਸੀ, ਪਰ ਮੇਰੀ ਓਹਦੇ ਨਾਲ ਸੋਚ

ਕਦੇ ਨਹੀਂ ਮੇਲ ਹੋਈ,, ਓਹਦੀਆ ਗੱਲਾਂ ਬੜੀਆ ਹੀ ਦੁਨਿਆਵੀ ਹੁੰਦੀਆ, ਮੈਂਨੂੰ ਕੋਈ ਚਾਹੀਦਾ ਸੀ ਜੇਹੜਾ, ਮੇਰੇ ਨਾਲ ਮੇਰੇ ਵਰਗੀਆਂ ਗੱਲਾਂ ਕਰੇ, ਕਿਤਾਬਾਂ ਦੇ ਮਸਲੇ ਤੇ ਮੇਰੇ ਨਾਲ ਅੜੇ,, ਮੇਰੇ ਸੇਅਰਾਂ ਨੂੰ ਮੇਰੇ ਮੂੰਹੋਂ ਨਿਕਲਦਿਆਂ ਸਾਰ, ਆਪਣੇ ਪਿੰਡੇ ਚ ਸਮਾਂ ਲਵੇ, ਪਰ ਏਸ ਲੜਕੀ ਲਈ ਇਹ ਸਭ ਫਜ਼ੂਲ ਸਨ, ਕਿਤਾਬਾ ਤਾਂ ਏਹਦੇ ਨੇੜੇ ਨੇੜੇ ਵੀ ਨਹੀਂ ਸੀ, ਤੇ ਸ਼ਾਇਰੀ ਨੂੰ ਤਾਂ... ਇਹ ਅਕਸਰ ਮੈਨੂੰ ਕਿਹਾ ਕਰਦੀ ਸੀ, ਤੂੰ ਮੈਨੂੰ ਸਿੱਧੀ ਸਿੱਧੀ ਗੱਲ ਸਮਝਾਇਆ ਕਰ, ਤੇਰੀਆਂ ਆਹਾ ਕਿਤਾਬੀ ਗੱਲਾਂ ਮੇਰੇ ਸਿਰ ਉੱਤੋਂ ਦੀ ਜਾਂਦੀਆਂ, ਮੈਂ ਓਸ ਵਕਤ ਸੋਚਦਾ, ਇਹ ਮੇਰੇ ਨਾਲ ਸਾਰੀ ਜਿੰਦਗੀ ਕੱਟਣ ਦੀ ਗੱਲ ਕਰਦੀ ਐ, ਜੋ ਮੈਨੂੰ ਮਹਿਸੂਸ ਨਹੀਂ ਕਰ ਪਾਉਂਦੀ, ਹਾਂ ਪਰ ਇਹਨੂੰ ਦੁਨਿਆਦਾਰੀ ਦਾ ਖ਼ੂਬ ਪਤਾ ਸੀ, ਖਾਸਕਰ ਰਿਸ਼ਤਿਆਂ ਦਾ ਤੇ ਓਹਨਾ ਦੀਆਂ ਲੋੜਾਂ ਦਾ, ਤੇ ਇਹ ਮੈਨੂੰ ਹਮੇਸ਼ਾ ਯਾਦ ਰਹੇਗੀ .. ਖ਼ੈਰ ਚੰਗੀ ਸੀ,
ਅੱਗੇ ਵੱਧਦੇ ਆ, ਬੋਰ ਨਾ ਹੋਜਿਓ....

ਸਕੂਲ ਤੋਂ ਬਾਦ ਵੀ ਕਾਫੀ ਸਮਾਂ ਗੱਲ ਹੁੰਦੀ ਰਹੀ,
ਕਮਲ ਦੇ ਦੂਰ ਹੋਣ ਬਾਦ ਮੈਨੂੰ ਪਤਾ ਲੱਗਦਾ, ਕਿ ਇਹ ਮੈਨੂੰ ਪਸੰਦ ਕਰਦੀ ਹੈ, ਉਸ ਟਾਈਮ ਮੈਂ ਵੀ ਉਸ ਵੱਲ ਆਕਰਸ਼ਿਕ ਸੀ, ਪਰ ਅਸੀ ਇਸ ਰਿਸ਼ਤੇ ਨੂੰ ਨਾਮ ਕੋਈ ਨਾ ਨਹੀਂ ਦੇ ਸਕੇ, ਹਾਂ, ਸੀ ਸੱਚ, ਜਿਹਨੂੰ bestfriend ਕਹਿੰਦੇ, ਪਿਆਰ ਚ ਕਾਮ ਵੀ ਜਰੂਰੀ ਹੁੰਦਾ ਮੈਨੂੰ ਏਸੇ ਨੇ ਸਿਖਾਇਆ, ਇਸਨੇ ਆਪਣਾ ਸਭ ਕੁੱਝ ਮੈਨੂੰ ਦਿੱਤਾ, ਓਹ ਗੱਲਾਂ, ਓਹ ਰਾਤਾਂ ਦੀਆਂ ਮੁਲਾਕਾਤਾਂ, ਸਭ ਕੁੱਝ, ਮੈਨੂੰ ਲੱਗਦਾ ਸੀ, ਕੇ ਓਹ ਮੈਨੂੰ ਸੱਚੀ ਪਿਆਰ ਕਰਦੀ ਏ,, ਪਰ ਫੇਰ ਪਤਾ ਲੱਗਾ, ਓਹਦਾ ਬੁਆਏਫ੍ਰੈਂਡ ਦੂਰ ਰਹਿੰਦਾ, ਤੇ ਓਹਦੀ ਲੋੜ, ਓਹ ਮੇਰੇ ਦੁਆਰਾ ਪੂਰੀ ਕਰ ਰਹੀ ਸੀ, ਮੇਰੇ ਪੁੱਛਣ ਨੇ ਉਸਨੇ, ਰਿਸ਼ਤਾ ਖਤਮ ਕਰ ਦਿੱਤਾ,

ਇਸਨੇ, ਮੈਨੂੰ ਅੰਦਰ ਤੱਕ ਹਿਲਾਕੇ ਰੱਖ ਦਿੱਤਾ, ਮੈਂ ਕਈ ਮਹੀਨੇ ਇਹੀ ਸੋਚਦਾ ਰਿਹਾ, ਕੀ ਐਦਾਂ ਕੁਝ ਵੀ ਹੁੰਦਾ, ਐਦਾਂ ਵੀ ਬੰਦਾ ਵਰਤਿਆ ਜਾ ਸਕਦਾ, ਇਸਨੇ ਮੈਂਨੂੰ ਕਈ ਮਹੀਨਿਆਂ ਦਾ ਮੌਨ ਦੇ ਦਿੱਤਾ

ਪਰ ਇਸਨੇ, ਮੈਂਨੂੰ ਵਾਪਸ ਕਿਤਾਬ ਵੱਲ ਆਉਣ ਦਾ ਰਾਹ ਦਿੱਤਾ, ਮੇਰਾ ਲਿਖਣਾ ਦੁਬਾਰਾ ਸ਼ੁਰੂ ਹੋਇਆ,,ਪਰ ਪਰ, ਏਹ ਸਭ ਇਥੇ ਖਤਮ ਨਹੀਂ ਹੋਇਆ, ਹਜੇ ਬਹੁਤ ਕੁੱਝ ਹੋਣਾ ਸੀ, ਸੁਖਦੀਪ ਨਾਲ ਇੱਕ ਮਿੱਕ ਹੋਣਾ ਬਾਕੀ ਸੀ,,,,

ਪ੍ਰੀਤ ਤੋਂ ਬਾਦ ਮੈਂ ਇੰਸਟਾ ਤੇ , ਜਿਆਦਾ ਐਕਟਿਵ ਰਹਿਣ ਲੱਗਾ,

ਇਥੇ ਮੈਨੂੰ ਹਰਜਸ ਮਿਲਿਆ, ਤੇ ਉਹਦੇ ਲਾਈਵ ਚੋਂ ਹੀ ਸੁਖਦੀਪ ,,

ਹੁਣ ਸੁਖਦੀਪ ਨਾਲ ਵਾਰਤਾਲਾਪ ਰੋਜ਼ ਹੀ ਹੁੰਦਾ ਸੀ ,ਲਗਪਗ ਮੈਂ ਤਾਂ ਲਿਖਣਾ ਬੰਦ ਕਰ ਦਿਤਾ ਸੀ।

ਸੁਖਦੀਪ ਨਾਲ ਰੋਜ਼ ਗੱਲ ਹੋਣ ਤੇ, ਪਹਿਲਾਂ ਪਹਿਲ ਪੁਰਾਣਾ ਲਿਖਿਆ ਸੁਣਾਇਆ, ਉਹਨੂੰ ਸੁਣਨਾ ਆਉਂਦਾ,,,

ਕਹਿੰਦੇ ਨੇ ਖਰਬੂਜ਼ਾ ਰੰਗ ਚੜ੍ਹਾ ਦਿੰਦਾ ਦੂਜੇ ਨੂੰ,

ਮੈਂ ਵੀ ਦੁਬਾਰਾ ਲਿਖਣ ਲੱਗਾ, ਗ਼ਜ਼ਲਾਂ ਲਿਖਣੀਆਂ, ਸੁਣਾਉਣੀਆਂ, ਤੇ ਸੁਖਦੀਪ ਤੋਂ, ਸੁਣਨੀਆਂ ਕਵਿਤਾਵਾਂ। ਇਹਨਾਂ ਦਿਨਾਂ ਚ ਹੀ, ਏਸ ਬੰਦੇ ਦੀਆ e-books ਪੜ੍ਹੀਆਂ,ਸੁਖਦੀਪ ਦੀਆਂ

ਮੈਨੂੰ ਸਮਝ ਆਉਂਣ ਲੱਗੀ, ਇਹ ਹੈ ਕੀ,,

ਤੁਸੀਂ ਸੁਖਦੀਪ ਨੂੰ  ਪਹਿਲੀ ਵਾਰ ਮਿਲੋਗੇ, ਤਾਂ ਤੁਹਾਨੂੰ ਚੁੱਪ ਨਜ਼ਰ ਆਵੇਗਾ,ਇਹ ਕੁੰਡਲ ਮਾਰ ਕੇ ਬੈਠਾ ਰਹਿੰਦਾ, ਚੁੱਪ ਕਰਕੇ,ਜਿੰਨਾ ਚਿਰ ਕੋਈ , ਇਹਨੂੰ ਟੋਹਦਾਂ ਨਹੀਂ,

ਇਸ ਚੁੱਪ ਚਪੀਤੇ ਬੰਦੇ ਕੋਲ , ਕਈ ਕਹਾਣੀਆਂ ਨੇ, ਸੁਣਾਉਣ ਨੂੰ
ਬਣਾਉਣ ਨੂੰ, ਮੈਂ ਅਕਸਰ ਕਹਿਣਾ ਹੁੰਨਾ, ਤੁਸੀ ਇਸ ਨਾਲ ਬਹਿਸ ਨਹੀਂ ਕਰ ਸਕਦੇ, ਸੁਖਦੀਪ ਨਾਲ ਗੱਲ ਕਰਨੀ ਰੱਜ ਕੇ ਕਰਨੀ, ਪਰ, ਸਵਾਲ ਪੁੱਛਣ ਤੋਂ ਪਰਜੇਹ ਕਰਨਾ, ਨਹੀਂ ਤਾਂ ਜਵਾਬ ਸੁਣਕੇ, ਤੁਸੀਂ ਜਾਂ ਤਾਂ ਪਾਗ਼ਲ ਹੋ ਜਾਵੋਗੇ, ਜਾਂ ਪੱਥਰ ਬਣ ਜਾਵੋਗੇ,ਜਾਂ ਫੇਰ ਗਵਾਚ ਜਾਵੋਗੇ।ਕਿਸੇ ਹੋਰ ਦੁਨੀਆ ਵਿੱਚ

,, ਸਮਾਂ ਹੁੰਦਾ ਸਭ ਤੋਂ ਵੱਡਾ, ਕੀ ਹੋਣਾ ਜਾਂ ਨਹੀਂ ਹੋਣਾ, ਸਭ ਸਮੇਂ ਦੇ ਹੱਥ ਹੈ, ਤੁਸੀਂ ਕੁੱਝ ਵੀ ਨਹੀਂ ਕਰ ਸਕਦੇ, ਇਹਦੇ ਤੋਂ ਬਾਹਰ ਹੋਕੇ,
ਸਬਰ ਕਰਨਾ ਹੁੰਦਾ ਵੱਸ,
ਇਸ ਸਮੇਂ ਮੇਰੀ ਕੋਈ ਕੁੜੀ ਦੋਸਤ ਨਹੀਂ,ਕੋਈ ਮੁੰਡਾ ਵੀ ਨਹੀਂ,
ਜੇ ਕੋਈ ਸੀ ਤਾਂ ਓਹ ਸੀ ਸੁਖਦੀਪ, ਮੇਰੇ ਨਾਲ ਕੁੱਝ ਅਜੀਬ ਹੈ,
ਕੋਈ ਵੀ ਇੰਨਸਾਨ, ਚਾਹੇ ਦੋਸਤ ਹੋਵੇ ਜਾਂਲੜਕੀ, ਮੇਰੇ ਨਾ,2-3 ਮਹੀਨੇ ਹੀ ਕੱਟ ਸਕਦੇ ਨੇ, ਇਸਤੋਂ ਬਾਦ ਓਹਨਾਂ ਨੂੰ ਮੈਂ ਦਿੱਕਤ ਬਣ ਜਾਨਾਂ,  ਸੁਖਦੀਪ ਦੇ ਮਾਮਲੇ ਚ ਕੁੱਝ ਨਹੀਂ ਸੀ ਅਜਿਹਾ, ਅਸੀਂ 6 ਮਹੀਨੇ ਤੋਂ touch ਚ ਸੀ, ਮੇਰੇ ਅੰਦਰ ਢੇਰ ਸਾਰੇ ਸਵਾਲ ਉੱਠ ਰਹੇ ਸਨ, ਇਹੋ ਜਿਹਾ ਕੀ ਹੈ ਉਸ ਬੰਦੇ ਚ...ਮੈਂ ਉਸਨੂੰ ਘੋਖਿਆ, ਫੇਰ ਪਤਾ ਲੱਗਾ,,
ਇਹ ਮੈਂ ਹਾਂ,, ਵੱਸ ਵੱਡਾ ਹੋ ਗਿਆ ਵਾਂ, ਥੋੜ੍ਹਾ ਜਿਹਾ, ਓਹ ਜਿਹੜੀ ਜ਼ਿੰਦਗੀ ਜੀਅ ਚੁੱਕਿਆ ਹੈ, ਮੈਂ ਓਹ ਜੀ ਰਿਹਾ ਹਾਂ,
ਓਹੀ ਹਲਾਤ, ਓਹੀ ਕਾਰਨ, ਇਥੋਂ ਤੱਕ ਕੀ,ਜਵਾਬ ਵੀ,

ਹੁਣ ਤੱਕ ਅਸੀਂ ਐਦਾ ਹੋ ਗਏ ਸਾਂ, ਓਹ ਬਿਨਾਂ ਬੋਲੇ ਮੇਰੇ ਸਵਾਲਾਂ ਦੇ ਜਵਾਬ ਦੇ ਦਿੰਦਾ, ਮੈਂ ਹਜੇ ਵੀ ਹੈਰਾਨ ਹੁੰਦਾ ਹਾਂ, ਐਨੇ ਲੋਕ ਨੇ ਏਸ ਬੰਦੇ ਦੇ ਮਗਰ ਮਗਰ ਫਿਰਦੇ, ਇਹਨੇ ਮੈਨੂੰ ਹੀ ਆਪਣੇ ਨੇੜੇ ਕਿਓ ਰੱਖਿਆ,,,,

ਮੇਰੇ ਵਿਦੇਸ਼ ਆਉਂਣ ਤੋਂ, ਤਿੰਨ ਕ ਮਹੀਨੇ ਪਹਿਲਾਂ, ਮੈਨੂੰ ਸੁਖਦੀਪ ਨੇ ਦੱਸਿਆ, ਸ਼ਿਵ ਬਾਰੇ, ਸ਼ਿਵ ਇਹ ਇੱਕ ਲੜਕੀ ਹੈ, ਜਿਸਨੂੰ ਸੁਖਦੀਪ ਪਿਆਰ ਕਰਦਾ,ਸ਼ਾਇਦ ਨਹੀਂ ਕਰਦਾ। ਇਹ ਭੇਦ ਹੈ। ਇਹ ਉਹੀ ਜਾਣਦਾ,ਪਰ ਉਸਦਾ ਜ਼ਿਕਰ ਅਕਸਰ ਕਰਦਾ। ਓਹ ਕਿਸੇ ਹੋਰ ਨੂੰ ਪਸੰਦ ਕਰਦੀ ਏ, ( ਇਹ ਗੱਲ ਯਾਦ ਰੱਖਣਾ, ਮੈਂ ਜੋ ਜੀਅ ਰਿਹਾ, ਇਹ ਬੰਦਾ ਹੰਢਾਅ ਚੁੱਕਿਆ,)
ਖ਼ੈਰ.. ਮੈਂ ਹੈਰਾਨ ਹੁੰਨਾ,, ਐਦਾ ਵੀ ਹੋ ਜਾਂਦਾ, ਕਿਸੇ ਨੂੰ ਕਿਸੇ ਹੋਰ ਦਾ ਹੋਣ ਦੇ ਬਾਵਜੂਦ ਵੀ ਪਿਆਰ ਕਰੀ ਜਾਣਾ,,
ਸ਼ਾਇਦ ਇਹ ਵੀ ਸਹੀ ਹੈ, ਇਹੀ ਤਾਂ ਅਹਿਸਾਸ ਕਰਵਾਉਂਦਾ, ਓਹਦੇ ਕਵੀ ਹੋਣ ਦਾ,

ਆਪਾ ਆਪਣਾ ਅੱਧ ਲੱਭਦੇ ਫਿਰਦੇ ਰਹਿਣੇ, ਕਦੇ ਕਿਸੇ ਨਾਲ ਜੁੜਕੇ ਕਦੇ ਕਿਸੇ ਨਾਲ ਜੁੜਕੇ, ਆਪਾਂ ਨੂੰ , ਲਗਦਾ ਹੁੰਦਾ ਆਪਣਾ ਅੱਧ ਦੂਜੇ gender ch ਹੀ ਮਿਲੁਗਾ, ਪਰ ਏਹ ਸਭ ਫਿਜ਼ੂਲ ਹੈ,
ਇਸਦੇ ਦੋ ਕਰਨ ਨੇ, ਪਹਿਲੀ ਗੱਲ ਤਾਂ ਅੱਧ ਲੱਭਣ ਦੀ ਲੋੜ ਨਹੀ ਹੈ, ਓਹ ਆਪੇ ਹੀ ਆਪਣੇ ਵੱਲ, ਤੇ ਆਪਾਂ ਓਹਦੇ ਵੱਲ ਚਲੇ ਜਾਂਦੇ ਆ,
ਜਿਮੇਂ ਮੈਨੂੰ ਮਿਲ਼ਿਆ ਸੁਖਦੀਪ, ਤੇ ਓਹਨੂੰ ਮੈਂ,,,

ਮੇਰੇ ਕੈਨੇਡਾ ਆਉਣ ਤੱਕ ਮੇਰੀ , ਕੋਈ girlfriend nhi c,
ਨਾ ਹੀ ਕੋਈ ਹੋਰ,ਵੱਸ ਦੋਸਤ ਸੀ ਇੱਕ ਸੁਖਦੀਪ। ਇਹ ਨਾ ਹੁੰਦਾ ਤਾਂ ਮੈਂ ਕੱਲਾ ਹੋ ਜਾਂਦਾ,ਇਹਨੇ ਮੇਰੀ ਇੱਕਲਤਾ ਭਰੀ।

ਖ਼ੈਰ...
ਏਥੇ ਆਉਣ ਤੋਂ ਪਹਿਲਾਂ , ਮੇਰੇ ਕੋਲ ਇੱਕ ਲੜਕੀ ਦੀ ਫ਼ੋਟੋ ਆਉਦੀਂ ਹੈ, ਇਹ ਫੋਟੋ ਵੇਖਦਿਆਂ ਹੀ ਮੈ ਠਠਬੰਰ ਗਿਆ, ਹੂਬਹੂ ਉਹੀ ਲੜਕੀ ਜੀਹਦੀ ਮੈਂ ਕਲਪਨਾ ਕੀਤੀ ਸੀ, ਜੀਹਨੂੰ ਲੱਭਦਾ ਲੱਭਦਾ ਮੈਂ, ਕਿੰਨੀਆ ਹੋਰ ਕੁੜੀਆ ਕੁੜੀਆਂ ਕੋਲ ਭੱਜਿਆ ਫਿਰਦਾ ਰਿਹਾ,
ਹੈਰਾਨੀ ਦੀ ਗੱਲ ਏਹ, ਇਹਦਾ ਨਾਮ ਵੀ ਕਮਲ ਸੀ।

ਥੋਨੂੰ ਕਿਹਾ ਸੀ ਨਾ 'ਸ਼ਿਵ ਵਾਲੀ ਗੱਲ ਯਾਦ ਰੱਖਿਓ...
ਇਹ ਕਮਲ ਦਾ ਬਹੁਤ ਯੋਗਦਾਨ ਰਿਹਾ, ਮੈਨੂੰ ਸੁਖਦੀਪ ਦੇ ਐਨ ਕੋਲ ਵਕਰਨ ਲਈ,, ਵੈਸੇ ਤਾਂ ਸਾਡੇ ਚ ਕੋਈ ਫਰਕ ਨਹੀਂ ਸੀ,
ਪਰ ਕਮਲ ਦੇ ਆਉਣ ਨਾਲ , ਮੈਨੂੰ ਯਕੀਨ ਹੋ ਗਿਆ, ਕਿ ਕਿਤੇ ਨਾ ਕਿਤੇ ਸਾਡੀ ਕਹਾਣੀ ਇਕ ਏ,
ਸੁਖਦੀਪ ਦੀ ਸ਼ਿਵ ਵਾਂਗੂੰ, ਇਹ ਕਮਲ ਵੀ ਕਿਸੇ ਹੋਰ ਨੂੰ ਪਿਆਰ ਕਰਦੀ ਸੀ।
ਇਸ ਵਕਤ ਮੈਂ ਕਨੈਡਾ ਆ ਚੁੱਕਿਆ ਸੀ, ਤੇ ਏਥੇ ਹੀ ਕਮਲ ਮੂਹਰੇ ਆਪਣੇ ਦਿਲ ਦਾ ਭਾਂਡਾ ਖੋਲ੍ਹ ਕੇ ਰਖਿਆ,
ਸੁਖਦੀਪ ਦੀ ਸ਼ਿਵ ਵਰਗੀ ਕਹਾਣੀ ਹੈ ਏਹਦੀ ਵੀ ਇਹ ਵੀ ਕਿਸੇ ਹੋਰ ਨੂੰ ਪਸੰਦ ਕਰਦੀ ਐ, ਸ਼ਿਵ ਵਾਂਗੂੰ, ਇਹਨੇ ਮੈਨੂੰ ਪਹਿਲਾਂ ਹੀ ਕਹਿ ਦਿੱਤਾ, ਕੇ ਆਪਣਾ ਟਾਈਮ

ਨਾ ਜਾਇਆ ਕਰੀ,ਪਰ ਸੁਖਦੀਪ ਨੂੰ ਸ਼ਿਵ ਨੇ ਨਹੀਂ ਕਿਹਾ ਸੀ ਇਹ,ਉਸਨੇ ਤੇ ਰੱਖ ਦਿੱਤਾ ਸੀ ਆਪਣਾ ਹੱਥ ਉਸਦੇ ਹੱਥ ਉੱਪਰ ਤੇ ਫੇਰ ਆਪ ਹੀ ਚੁੱਕ ਲਿਆ।

ਪਰ ਇਹ ਵੀ ਮੈਨੂੰ ਸਮਝਦੀ ਸੀ,ਕਮਲ
ਕੁਦਰਤ ਆਪ ਹੀ ਕਰਵਾਉਂਦੀ ਹੈ ਸਭ ਕੁੱਝ,
ਸ਼ਾਇਦ ਮੇਰੀ ਜਿੰਦਗੀ ਚ ਕਮਲ ਦਾ ਤੇ ਸੁਖਦੀਪ ਦੀ ਜਿੰਦਗੀ ਚ ਸ਼ਿਵ ਦਾ ਆਉਣਾ ਜਰੂਰੀ ਸੀ।
ਇਹਨਾਂ ਦੋਹਾਂ ਵਿੱਚ ਸਾਡੀ ਕਹਾਣੀ ਇੱਕੀ ਜਿਹੀ ਹੈ, ਪਤਾ ਨਹੀਂ ਕਿਓ ਹੈ, ਮੈਂ ਕਦੇ ਕਿਸੇ ਨੂੰ ਆਪਣੇ ਕੋਲੋਂ ਜਾਣ ਲਈ ਰੋਕਿਆ ਨਹੀ,, ਸੁਖਦੀਪ ਨੇ ਵੀ ਨਹੀਂ ,ਨਾ ਓਹਨੂੰ ਸ਼ਿਵ ਮਿਲੀ ਨਾ ਮੈਨੂੰ ਕਮਲ,

ਸੁਖਦੀਪ ਕਦੇ ਵੀ ਕਿਸੇ ਕੋਲ ਆਪ ਨਹੀਂ ਆਉਂਦਾ,ਉਸ ਕੋਲ਼ ਜਾਣਾ ਪੈਂਦਾਂ ਹੈ।ਨਿਰਭਰ ਤੁਹਾਡੀ ਕਿਸਮਤ ਤੇ ਹੈ।ਉਹ ਆਪਣਾ ਬੂਹਾ ਖੋਲ੍ਹੇਗਾ ਜਾਂ ਨਹੀਂ।ਪਰ ਮੈਨੂੰ ਪਤਾ ਹੈ।ਉਹ ਸ਼ਿਵ ਕੋਲ਼ ਆਪ ਗਿਆ ਸੀ।ਸ਼ਾਇਦ ਇਸੇ ਲਈ ਸ਼ਿਵ ਨੇ ਉਹਨੂੰ,,,,ਸਮਝਣ ਵਿੱਚ ਭੁਲੇਖਾ ਖਾ ਲਿਆ।

ਚੰਗਾ ਟਾਈਮ , ਜਦੋਂ ਆਉਂਦਾ ਹੁੰਦਾ ਓਹ ਕੋਈ ਫਿਲਮਾਂ ਵਾਂਗੂੰ, ਪਰਕਾਸ਼ ਨਹੀਂ ਕਰਦਾ , ਚਾਨਣ ਨਹੀਂ ਮੈਂ ਆ ਗਿਆ,ਓਹ ਤਾਂ ਵੱਸ ਮਿਲ ਜਾਂਦਾ ਬੰਦਿਆ ਦੇ ਰੂਪ ਚ,ਸੁਖਦੀਪ ਕੱਲਾ ਹੀ ਨਹੀਂ ਆਇਆ, ਮੇਰੀ ਜਿੰਦਗੀ ਜਿਹੜੀ ਜਗਾਹ ਖਾਲੀ ਪਈ ਸੀ, ਦੋਸਤਾਂ ਦੇ ਪਿਆਰ ਬਿਨਾਂ, ਓਹਨੂੰ ਭਰਨ ਲਈ ਇੱਕ ਦੋਸਤ ਵੀ ਲੈਕੇ ਆਇਆ, ਦੀਪ....

ਆਹੀ ਕੁੱਝ ਤਾਂ ਮੈਂ ਸੋਚਿਆ ਨਹੀਂ ਸੀ,, ਮੈਂ ਤਾਂ ਓਹਦੇ ਨਾਲ ਗੱਲ ਕਰਦਿਆਂ ਕਰਦਿਆਂ, ਮੈ ਤਾਂ ਭੁੱਲ ਗਿਆ ਸੀ , ਓਹ ਤਾਂ ਕਿਸੇ ਹੋਰ ਨੂੰ ਦਿਲ ਦਈ ਬੈਠੀ ਹੈ,,ਮੈ ਏਹਦੇ ਨਾਲ ਜਿੰਦਗੀ ਜੀਣ ਦੇ, ਖਾਬ ਸਜਾਈ ਬੈਠਾ ਸੀ,,
ਜੇ ਓਹ ਕਹਿੰਦੀ ਤਾਂ,, ਮੈਂ ਮੇਰੇ ਹੱਡਾਂ ਦੇ ਮਿੱਟੀ ਹੋਣ ਤੱਕ ਓਹਦੀ ਉਡੀਕ ਕਰਦਾ,, ਪਰ ਓਹਨੇ ਮੈਨੂੰ, ਵਾਪਿਸ ਮੋੜ ਦਿੱਤਾ,,ਇਸ ਤੋਂ ਬਾਦ ਮੇਰੇ ਲਈ ਦੁਨੀਆ ਜਿਮੇਂ ਖਤਮ ਹੀ ਹੋ ਗਈ ਸੀ,,

ਮੈਂ ਰੁੱਕ ਗਿਆ ਸੀ,, ਨਾ ਖਾਣਾ ਨਾ ਪੀਣਾ,,
ਆਹੀ ਕੁੱਝ ਹੁੰਦਾ, ਜਦੋ ਏਹ ਅੱਧ ਵਿਚਾਲੇ ਰਹਿ ਜਾਵੇ,,
ਓਦੋਂ ਲਿਖਿਆ ਸੀ,,
" ਦੇਖੀ, ਮੈਂ ਆਈਂ ਗੁੰਮਨਾਮ ਰਹਿ ਜਾਣਾ , ਮੋਹਬੱਤ ਚ,, ਮੈਨੂੰ ਡਰ ਲੱਗਦੈ,, " ।

ਮੈਂ ਸੱਚੀ ਕੁੱਝ ਨਾ ਕਰਦਾ, ਪਿਆ ਰਹਿੰਦਾ ਸਾਰੀ ਦਿਹਾੜੀ,,
ਪਰ,, ਏਥੇ ਮੋੜ ਆਉਂਦਾ,, ਓਦਾਂ ਹੀ ਮਜ਼ਾਕ ਕਰਦੇ ਨੇ ਵੀਡਿਓ ਬਣਾਕੇ ਸੁਖਦੀਪ ਨੂੰ ਭੇਜੀ,,
ਓਹਨੇ ਸੋਸ਼ਲ ਸਾਈਟ ਤੇ ਅੱਪਲੋਡ ਕਰ ਦਿੱਤੀ,,
ਹੁੰਗਾਰਾ ਮਿਲ਼ਿਆ,, ਭਰਵਾਂ,, ਓਹਦੇ ਪਿਆਰ ਦੀ ਕਸਰ ਲੋਕਾਂ ਨੇ ਕੱਢ ਦਿੱਤੀ,,
ਸੁਖਦੀਪ ਦੇ ਕਹਿਣ ਤੇ,, ਇੱਕ ਹੋਰ ਵੀਡਿਓ ਪਾਈ,,
ਓਹਨੂੰ ਵੀ ਲੋਕਾਂ ਨੇ ਖੂਬ ਪਿਆਰ ਕੀਤਾ,, ਬੱਸ ਫੇਰ ਕੀ ਸੀ, ਚੱਲ ਪਿਆ ਇਹ ਸਿਲਸਿਲਾ,, ਮੈਨੂੰ ਹੁਣ ਪਤਾ ਲੱਗਦਾ, ਇਹ ਵੀਡਿਉ ਅੱਪਲੋਡ ਕਰੋਨ ਦਾ ਮਕਸਦ, ਸਿਰਫ ਮੈਨੂੰ ਇਹ ਅਹਿਸਾਸ ਕਰਵਾਉਣਾ ਸੀ,, ਕਿ ਮੈਂ ਉਸ ਦੇ ਬਿਨਾਂ ਵੀ ਕੁਝ ਹੈਗਾ..

ਖੈਰ,,

ਕਹਿੰਦੇ ਨੇ ਨਾ, ਇੱਕ ਮੁੱਠੀ ਚੱਕ ਲੋ ਤੇ ਦੂਜੀ ਤਿਆਰ ਹੁੰਦੀ ਏ,,

ਹਾਂ,,

ਫੇਰ ਓਹੀ ਲੜਕੀ ਵਾਲਾ ਚੱਕਰ,

ਪਰ ਇਸ ਵਕਤ ਮੈਂ ਬਦਲ ਚੁੱਕਿਆ ਸਾਂ,,

ਮੈਨੂੰ ਇਸ ਲੜਕੀ ਨਾਲ ਪਿਆਰ ਤੇ ਸੀ,, ਮੈਂ ਇਸ ਨਾਲ ਦੋਸਤੀ ਚ ਹੀ ਰਹਿਣਾ ਚਾਹੁੰਦਾ ਸੀ,,

ਇਹਦੇ ਬਾਰੇ ਸੋਚਦੇ ਸੋਚਦੇ, ਮੈਂ ਇੱਕ ਦਿਨ ਐਨਾ ਉਲਝ ਗਿਆ, ਇਸਨੂੰ ਆਪਣੇ ਮਨ ਦਾ ਸਾਰਾ ਉਲਝਾਅ,ਲਿਖ ਕੇ ਭੇਜ ਦਿੱਤਾ,,

ਓਹਦਾ ਰਿਪਲਾਈ ਆਉਂਦਾ,, ਕੋਈ ਨਾ, ਤੂੰ ਫ਼ਿਕਰ ਨਾ ਕਰ,, ਮੈਂ ਤੇਰੇ ਨਾਲ ਹੀ ਆ , ਕੀਤੇ ਨਹੀਂ ਜਾਂਦੀ,,

ਤੂੰ ਖਿਆਲ ਰੱਖਿਆ ਕਰ ਆਪਣਾ,,

ਤੁਸੀ ਸੋਚਦੇ ਹੋਵੋਗੇ, ਚਲੋ ਐਤਕੀ, ਵਧੀਆ ਕੁੜੀ ਮਿਲਗੀ,,

ਆਈ ਹੁੰਦਾ ਆਪਾਂ,ਯ ਸੋਚਣ ਲੱਗ ਪੈਣੇ ਆ ਅੱਗੇ ਦੀ, ਬਿਨਾਂ ਅਗਲੇ ਦੇ ਮਨ ਦੀ ਜਾਣੇ, ਆਪਣੀ ਹੀ ਦੁਨੀਆ ਸਿਰਜ ਲੈਣੇ ਆ ਓਸ ਬੰਦੇ ਨਾਲ,

ਪਰ ਜਦੋਂ ਕੋਈ, ਆਵਦੇ ਮਨ ਦੀ ਕਰਦਾ, ਫੇਰ ਆਪਾਂ ਦੁਖੀ ਹੁੰਨੇ ਆ,

ਇਸ ਗੱਲ ਤੋਂ, ਦੋ ਤਿੰਨ ਦਿਨਾਂ ਬਾਦ ਹੀ ਓਹ ਮੈਨੂੰ ਬਿਨਾਂ ਦੱਸੇ ਚੱਲੀ ਗਈ,,ਕਿਤੇ ਦੂਰ ਬਹੁਤ ਦੂਰ

ਮੈਂ ਕੁੱਝ ਨਹੀਂ ਕੀਤਾ,

ਕਰ ਵੀ ਕੀ ਸਕਦੇ ਸੀ,,

ਬੱਸ .. ਹੋਰ ਨਹੀਂ ਕੁੱਝ ਦੱਸਿਆ ਜਾਂਦਾ ਮੇਰੇ ਤੋਂ, ਇਸਤੋਂ ਅੱਗੇ ਕੀ ਹੋਇਆ,, ਸੁਖਦੀਪ ਤੋਂ ਸੁਣਲਿਓ.. ਰਹਿੰਦੀ ਕਹਾਣੀ,,
ਮੇਰੇ ਪਰਦਾ ਇਥੋਂ ਤੱਕ ਹੀ ਸੀ...

ਇੱਕ ਜਗਾਹ ਤੇ ਜਾਕੇ,ਤੁਹਾਨੂੰ ਅਹਿਸਾਸ ਹੋਵੇਗਾ।ਕਿਸੇ ਦਾ ਆਉਂਣਾ ਜਾਣਾ.. ਟੁੱਟਣਾ ਜੁੜਨਾ,ਖੜ੍ਹੇ ਹੋਣਾ ਡਿੱਗਣਾ... ਕਿੰਨਾ ਜਿਆਦਾ ਜਰੂਰੀ ਹੁੰਦਾ। ਮੈਂ ਵਕਤ ਹਾਂ,,,,ਜੇ ਤੁਸੀਂ ਮੈਨੂੰ ਇੱਕ ਵਾਰ ਗਵਾ ਦਿੱਤਾ ਤਾਂ ਮੈਂ ਤੁਹਾਨੂੰ ਦੁਬਾਰਾ ਨਹੀਂ ਮਿਲਾਂਗਾ।ਵੱਸ ਐਨਾ ਕੁ ਯਾਦ ਰੱਖਣਾਂ।ਜਰੂਰੀ ਸੀ ਜੋ ਵੀ ਹੋਇਆ,ਤੇ ਜੋ ਵੀ ਹੋਣਾ ਹੈ।

ਵਾਰਤਕ ਪੜ੍ਹਨ ਲਈ ਆਪਦਾ ਬਹੁਤ ਬਹੁਤ ਧੰਨਵਾਦ ਜੀ। ਅਗਰ ਆਪ ਨੂੰ ਮੇਰੀ ਇਹ ਰਚਨਾ ਪਸੰਦ ਆਈ ਹੈ ਤਾਂ ਜ਼ਰੂਰ ਆਪਣੇ ਵਿਚਾਰ ਸਾਝੇ ਕਰੋ। ਕੋਈ ਸਵਾਲ ਹੋਵੇ ਤਾਂ ਜ਼ਰੂਰ ਪੁੱਛੋ। ਅਗਰ ਆਪ ਮੇਰੀਆਂ ਹੋਰ ਰਚਨਾਵਾਂ ਪੜ੍ਹਨ ਦੇ ਚਾਹਵਾਨ ਹੋ ਤਾਂ **ਪੰਜਾਬੀ ਲਾਇਬ੍ਰੇਰੀ** ਦੀ ਸਾਈਟ ਤੋਂ ਪੜ੍ਹ ਸਕਦੇ ਹੋ ਜਾਂ ਮੈਨੂੰ ਦਿੱਤੇ ਨੰਬਰ 'ਤੇ ਮੈਸਜ ਜਾਂ ਈ-ਮੇਲ ਕਰ ਸਕਦੇ ਹੋ। ਆਪਦੇ ਪਿਆਰ ਸਤਿਕਾਰ ਲਈ ਧੰਨਵਾਦ ਜੀ। ਮਿਲਦੇ ਹਾਂ ਅਗਲੀ ਰਚਨਾ 'ਤੇ।

***ਸੁਖਦੀਪ***

*ਸੰਪਰਕ/ਵਾਟੱਸਐਪ : 8699633924*

*ਇੰਸਟਾਗਰਾਮ : rabb_de_shayar*

**ਅਜ਼ਾਦ**

*ਸੰਪਰਕ/ਵਾਟੱਸਐਪ: +1[778]798-2374*

*ਇੰਸਟਾਗਰਾਮ : iazad.dhaliwal*

ਪੰਜਾਬੀ ਲਾਇਬ੍ਰੇਰੀ

PUNJABI LIBRARY

**www.PunjabiLibrary.com**